ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

*

ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤੇ ਇਤ ਉਤ ਸਦਾ ਮੁਕਤੇ

*

NOV 1993

ਨਵੰਬਰ ੧੯੯੩

## ਸਿਧ ਬੋਲਨਿ ਸੁਭ ਬਚਨ
## ਧੰਨੁ ਨਾਨਕ
## ਤੇਰੀ ਵਡੀ ਕਮਾਈ

ਅਖੰਡ ਕੀਰਤਨੀ ਜਥਿਆਂ ਵਲੋਂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਦਿਵਸ
ਜਲੰਧਰ ਵਿਖੇ 27 ਤੋਂ 30 ਨਵੰਬਰ

www.AKJ.Org

# ਤ ਤ ਕ ਰਾ


| | | |
|---|---|---|
| ਮੰਘਰ ਮਾਹੁ ਭਲਾ | ੩ | ਤੁਖਾਰੀ ਬਾਰਹਮੈ ਹਾ ਮ: ੧ |
| —ਅਰਥ ਵਿਆਖਿਆ | ੪ | — — — |
| ਗੁਰੂ ਨਾਨਕ ਨਿਰੰਕਾਰੀ—ਵੈਦ ਰੋਗੀਆਂ ਦਾ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਤਿਗੁਰੂ ਨਾਨਕ ਦੇਵ ਜੀ ਕੌਣ ? | ੧੨ | ਸੂਬੇਦਾਰ ਧਰਮ ਸਿੰਘ ਜੀ |
| ਭਾਈ ਭਗੀਰਥ ਅਤੇ ਭਾਈ ਮਨਸੁਖ ਜੀ | ੧੯ | ਪ੍ਰਿੰਸੀਪਲ ਸਤਿਬੀਰ ਸਿੰਘ ਜੀ |
| ਸਬਦੁ ਗੁਰ ਪੀਰਾ | ੨੧ | ਭਾਈ ਨਰੈਣ ਸਿੰਘ ਜੀ ਐਮ. ਏ. |
| ਗੁਰਦੁਆਰਾ ਗੁਰੂ ਨਾਨਕ ਲਾਮਾ ਸਾਹਿਬ, ਚੁੰਗਥਾਂਗ | ੨੫ | ਸ: ਜਸਵੰਤ ਸਿੰਘ ਜੀ 'ਅਜੀਤ' |
| ਸ੍ਰੀ ਗੁਰੂ ਗ੍ਰੰਥ ਸਾਹਿਬ—ਜਗਤ ਗੁਰੂ | ੨੬ | ਪ੍ਰਿੰਸੀਪਲ ਜਸਵਿੰਦਰ ਸਿੰਘ ਜੀ |
| ਸਰਬ ਵਿਆਪਕ ਹਰੀ | ੨੯ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਟਉਰਾ |
| ਸਰਬੱਤ ਖਾਲਸਾ (੨) | ੩੧ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਗੁਰੂ ਰਾਮਦਾਸ ਜੀ : ਵਿਅੱਕਤਿਤੱਵ ਤੇ ਜਗਤ-ਫੇਰੀ | ੩੬ | ਡਾ: ਤਰਨ ਸਿੰਘ ਜੀ ਗਿਆਨੀ |
| ਗੁਰੂ ਨਾਨਕ ਨਿਰੰਕਾਰੀ—ਇਕ ਮਹਾਨ ਤਿਆਗੀ | ੪੨ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੇ ਤੱਥ (੬) | ੪੬ | ਕੈਪਟਨ ਸਵਰਨ ਸਿੰਘ ਜੀ |
| ਗੁਰੂ ਨਾਨਕ ਦੇ ਉਪਕਾਰ (ਕਵਿਤਾ) | ੫੦ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਪੰਥ ਦਰਦੀਓ ! ਕਝ ਕਰੋ | ੫੦ | ਸ: ਜਗਤਾਰ ਸਿੰਘ ਜੀ |


**ਥਾਂ ਦੀ ਤੰਗੀ ਕਰਕੇ ਐਤਕੀ ਕਬਿੱਤ ਸਵੱਯੇ ਨਹੀਂ ਦਿਤੇ ਜਾ ਸਕੇ ।**

## 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਭਾਈ ਅਵਤਾਰ ਸਿੰਘ | ੧੦੦-੦੦ | ਗੁਰੂ ਕਾ ਸੇਵਾਦਾਰ ਜੋਧਪੁਰ | ੧੦੦·੦੦ |
| ਗੁਪਤ 99 A.P.O. | ੨੦੦-੦੦ | ਭਾ: ਹਿੰਮਤ ਸਿੰਘ ਵੌਂਸੂ ਅਹਿਮਦਾਬਾਦ ਮਾਤਾਂ ਦੀ ਯਾਦ ਵਿਚ | ੪੩੫·੦੦ |
| ਭਾ:ਮਹਿਤਾਬ ਸਿੰਘ ਖਨਾ ਮਾਤਾ ਦੀ ਯਾਦ 'ਚ | ੫੦੦-੦੦ | ਗਿ. ਮਹਿਲ ਸਿੰਘ ਬੰਗਲੌਰ | ੧੫੦੧-੦੦ |
| ਸ: ਪ੍ਰੀਤਮ ਸਿੰਘ ਅੰਮ੍ਰਿਤਸਰ | ੬੧੬-੦੦ | ਗੁਪਤ ਦਾਨ | ੧੦੦੦·੦੦ |
| ਸ. ਹਰਜੀਤ ਸਿੰਘ ਦਿੱਲੀ | ੩੦੦-੦੦ | ਸ: ਪ੍ਰਕਾਸ਼ ਸਿੰਘ ਨਵੀਂ ਦਿਲੀ | ੨੫੦-੦੦ |
| ਗੁਪਤ ੧੦੦-੦੦ ਗੁਪਤ | ੯੧-੦੦ | ਬੀਬੀ ਪ੍ਰਕਾਸ਼ ਕੌਰ ਮੇਰਠ | ੧੦੦-੦੦ |
| ਡਾ: ਕੰਵਲਰਾਜ ਸਿੰਘ ਨਵੀਂ ਦਿਲੀ | ੨੫੦-੦੦ | ਸ. ਮਤਵੰਤ ਸਿੰਘ ਬਰੇਲੀ | ੫੧-੦੦ |
| ਗੁਰੂ ਕੀ ਗੋਲਕ | ੫੦੦-੦੦ | ਗੁਪਤ | ੫੦੦-੦੦ |
| ਭਾ: ਕੰਵਲਜੀਤ ਸਿੰਘ ਬਰੇਲੀ | ੧੦੦-੦੦ | ਗੁਰੂ ਕਾ ਸੇਵਾਦਾਰ ਜੋਧਪੁਰ | ੧੦੦-੦੦ |
| ਬੀਬੀ ਕੁਲਦੀਪ ਕੌਰ ਦਿੱਲੀ | ੫੧-੦੦ | ਸ. ਹਰਭਜਨ ਸਿੰਘ ਦਿੱਲੀ | ੨੫੦-੦੦ |
| ਜੇ. ਡਬਲਯੂ. ਗੁਰਦੀਪ ਸਿੰਘ ਜੋਧਪੁਰ | ੧੨੦-੦੦ | ਭਾ. ਇੰਦਰਜੀਤ ਸਿੰਘ ਜੈਪੁਰ | ੨੧੫-੦੦ |
| ਸੂਬੇਦਾਰ ਅਜੀਤ ਸਿੰਘ ਮੁਰਾਦਪੁਰ | ੨੮-੦੦ | | |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤਾਂ ੧-੧੧-੯੩ ਨੂੰ ਪ੍ਰਕਾਸ਼ਤ ਕੀਤਾ ।



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

ਪਰਦੇਸ (ਸਾਰੇ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

ਅਮਾਨਤੀ
ਲਾਈਫ਼ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਨਵੰਬਰ ੧੯੯੩ ਅੰਕ ੧੧

## ਮੰਘਰ ਮਾਹੁ ਭਲਾ

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥੧੩॥

[ਤੁਖਾਰੀ ਬਾਰਹਮਾਹਾ ਮਹਲਾ ੧

ਮਾਹੁ—ਮਹੀਨਾ। ਭਲਾ—ਸੁਖਦਾਈ। ਹਰਿ ਗੁਣ—ਪ੍ਰਭੂ ਦੀ ਸਿਫ਼ਤਿ ਸਾਲਾਹ, ਵਾਹਿਗੁਰੂ ਨਾਮ ਦਾ ਸਿਮਰਨ। ਅੰਕਿ—ਹਿਰਦੇ ਵਿਚ। ਸਮਾਵਏ—ਵਸ ਜਾਂਦਾ ਹੈ। ਗੁਣਵੰਤੀ—ਗੁਣ ਗਾਉਣ ਵਾਲੀ, ਨਾਮ ਜਪਣ ਵਾਲੀ ਜੀਵ-ਇਸਤ੍ਰੀ। ਮੈ ਪਿਰੁ—ਆਪਣਾ ਪਿਆਰਾ ਪਤੀ। ਨਿਹਚਲੁ—ਸਦਾ ਥਿਰ। ਚਤੁਰੁ—ਸਾਵਧਾਨ, ਨਿਪੁੰਨ। ਸੁਜਾਣੁ—ਉਤਮ ਗਿਆਨ ਵਾਲਾ। ਬਿਧਾਤਾ—ਰਚਨਹਾਰ, ਕਰਤਾਰ। ਚੰਚਲੁ—ਜੋ ਸਥਿਰ ਨਹੀਂ, ਨਾਸਵੰਤ। ਸਬਾਇਆ—ਸਾਰਾ। ਗਿਆਨੁ—ਵਾਹਿਗੁਰੂ ਦਾ ਬੋਧ। ਧਿਆਨ—ਵਾਹਿਗੁਰੂ ਵਿਚ ਸੁਰਤ ਜੋੜਨੀ। ਪ੍ਰਭ ਭਾਣੇ—ਪ੍ਰਭੂ ਨੂੰ ਭਾਉਣ ਨਾਲ, ਪ੍ਰਭੂ ਦੀ ਬਖ਼ਸ਼ਸ਼ ਸਦਕਾ। ਗੀਤ ਨਾਦ ਕਵਿਤ ਕਵੇ ਸੁਣਿ—ਸਿਫ਼ਤਿ ਸਾਲਾਹ ਦੀ ਬਾਣੀ ਦਾ ਕੀਰਤਨ ਅਤੇ (ਅੰਮ੍ਰਿਤ ਰੂਪ) ਕਾਵਿ-ਬਾਣੀ ਨੂੰ ਸੁਣ ਕੇ। ਰਾਮ ਨਾਮਿ—ਪ੍ਰਭੂ-ਨਾਮ ਦੇ ਸਿਮਰਨ ਦੁਆਰਾ। ਦੁਖੁ—ਦੁਨਿਆਵੀ ਹਰ ਤਰ੍ਹਾਂ ਦਾ ਦੁਖ। ਸਾਧਨ ਜੀਵ-ਇਸਤ੍ਰੀ। ਨਾਹ—ਪਤੀ। ਅਭ—ਹਿਰਦਾ।

# ਅਰਥ-ਵਿਆਖਿਆ

**ਅਰਥ** :

ਉਸ ਜੀਵ-ਇਸਤ੍ਰੀ ਲਈ ਮਘਰ ਦਾ ਮਹੀਨਾ ਸੁਖਦਾਈ ਹੈ ਜਿਸ ਦੇ ਹਿਰਦੇ ਵਿਚ ਹਰੀ ਪ੍ਰਭੂ ਦੇ ਗੁਣ, ਭਾਵ ਪ੍ਰਭੂ ਦਾ ਨਾਮ ਸਿਮਰਨ ਆ ਵਸਦਾ ਹੈ। ਪ੍ਰਭੂ ਦੇ ਗੁਣ ਗਾਉਣ ਵਾਲੀ ਉਹ ਜੀਵ-ਇਸਤ੍ਰੀ ਹਰੀ ਪ੍ਰਭੂ ਦੇ ਗੁਣ ਰਵਦੀ ਹੈ, ਵਾਹਿਗੁਰੂ ਨਾਮ ਦਾ ਸਿਮਰਨ (ਸੁਆਸ ਸੁਆਸ) ਕਰਦੀ ਹੈ ਅਤੇ ਉਸ ਨੂੰ ਆਪਣਾ ਪਿਆਰਾ ਪਤੀ (ਵਾਹਿਗੁਰੂ) ਹੀ ਸਦਾ ਸਥਿਰ ਰਹਿਣ ਵਾਲਾ ਭਾਉਂਦਾ ਹੈ।

(ਉਹ ਗੁਣਵੰਤੀ ਜੀਵ-ਇਸਤ੍ਰੀ ਜਾਣ ਲੈਂਦੀ ਹੈ ਕਿ) ਕੇਵਲ ਰਚਣਹਾਰ ਕਰਤਾਰ ਹੀ ਸਦਾ ਸਥਿਰ ਹੈ, ਨਿਪੁੰਨ ਹੈ ਅਤੇ ਉਤਮ ਗਿਆਨ ਵਾਲਾ ਹੈ, ਬਾਕੀ ਸਾਰਾ ਸੰਸਾਰ ਹੀ ਬਿਨਸਨਹਾਰ ਹੈ। ਉਹ (ਸਤਿਗੁਰੂ ਦੁਆਰਾ) ਹਰੀ ਪ੍ਰਭੂ ਦੇ ਗਿਆਨ ਨੂੰ ਪ੍ਰਾਪਤ ਕਰ ਲੈਂਦੀ ਹੈ, ਆਪਣੀ ਸੁਰਤਿ ਨੂੰ ਵਾਹਿਗੁਰੂ-ਸ਼ਬਦ ਵਿਚ ਜੋੜਦੀ ਹੈ ਅਤੇ ਵਾਹਿਗੁਰੂ ਦੇ ਗੁਣ (ਸਿਫ਼ਤਿ-ਸਾਲਾਹ) ਉਸ ਦੇ ਹਿਰਦੇ ਵਿਚ ਵਸ ਜਾਂਦੇ ਹਨ। ਇਉਂ ਪ੍ਰਭੂ ਦੀ ਬਖਸ਼ਸ਼ ਦੁਆਰ ਉਹ ਪ੍ਰਭੂ ਨੂੰ ਭਾ ਜਾਂਦੀ ਹੈ।

ਸਿਫ਼ਤ-ਸਾਲਾਹ ਦੀ ਬਾਣੀ ਦਾ ਕੀਰਤਨ ਅਤੇ (ਅੰਮ੍ਰਿਤ) ਕਾਵਿ-ਬਾਣੀ ਨੂੰ ਸੁਣ ਕੇ ਉਹ ਰਾਮ ਨਾਮ ਵਿਚ, ਭਾਵ ਨਾਮ ਸਿਮਰਨ ਵਿਚ ਟਿਕ ਜਾਂਦੀ ਹੈ, ਇਉਂ ਉਸ ਦਾ ਹਰ ਤਰ੍ਹਾਂ ਦਾ ਦੁਨਿਆਵੀ ਦੁਖ ਨਸ-ਭਜ ਜਾਂਦਾ ਹੈ।

'ਨਾਨਕ' ਮੁਹਰ ਛਾਪ ਹੇਠ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਜਿਹੜੀ ਜੀਵ-ਇਸਤ੍ਰੀ ਹਿਰਦੇ ਦੇ ਪਿਆਰ ਨਾਲ, ਭਾਵ, ਆਤਮ ਕੇ ਚਾਅ ਨਾਲ ਆਪਣਾ ਆਪ ਹਰੀ-ਪ੍ਰਭੂ ਅਗੇ ਅਰਪਣ ਕਰ ਦਿੰਦੀ ਹੈ, ਉਹ ਪ੍ਰਭੂ-ਪ੍ਰੀਤਮ ਨੂੰ ਪਿਆਰੀ ਲਗਦੀ ਹੈ।

**ਵਿਆਖਿਆ** :

ਸਤਿਗੁਰੂ ਜੀ ਮੱਘਰ ਮਹੀਨੇ ਦੁਆਰਾ ਉਪਦੇਸ਼ ਦੇ ਰਹੇ ਹਨ ਕਿ ਜਿਹੜਾ ਜਗਿਆਸੂ ਵਾਹਿਗੁਰੂ ਜੀ ਦਾ ਸਿਮਰਨ ਕਰਦਾ ਹੈ, ਵਾਹਿਗੁਰੂ ਦੀ ਸਿਫਤਿ-ਸਾਲਾਹ ਕਰਦਾ ਹੈ, ਉਸ ਲਈ ਇਹ ਮਹੀਨਾ ਸੁਖਦਾਈ ਹੈ, ਸੁਹਾਵਣਾ ਹੈ। ਗੁਰਬਾਣੀ ਥਾਂ-ਪਰ-ਥਾਂ ਦ੍ਰਿੜ੍ਹ ਕਰਾ ਰਹੀ ਹੈ ਕਿ ਪ੍ਰਭੂ ਦੀ ਯਾਦ ਤੋਂ ਬਿਨਾਂ ਦਿਨ ਦਿਹਾਰ, ਮਹੀਨੇ ਥਿਤਾਂ ਸਭ ਦੁਖ ਰੂਪ ਹਨ। ਵਾਹਿਗੁਰੂ ਜੀ ਨਾਲ ਪ੍ਰੀਤ ਪਾਇਆਂ ਇਹ ਦਿਨ ਦਿਹਾਰ ਸੁਖਦਾਈ ਹੁੰਦੇ ਹਨ, ਜਿਵੇਂ ਕਿ—

ਸਭੇ ਰੁਤੀ ਚੰਗੀਆ, ਜਿਤੁ ਸਚੇ ਸਿਉ ਨੇਹੁ ॥
ਸਾਧਨ ਕੰਤ ਪਛਾਣਿਆ, ਸੁਖਿ ਸੁਤੀ ਨਿਸਿ ਡੇਹੁ ॥੫॥ [ਮਾਰੂ ਮ: ੧, ਪੰਨਾ ੧੦੧੫

ਅਤੇ—ਪਿਰੀ ਮਿਲਾਵਾ ਜੇ ਥੀਐ, ਸਾਈ ਸੁਹਾਵੀ ਰੁਤਿ ॥
ਘੜੀ ਮੁਹਤੁ ਨ ਵੀਸਰੈ, ਨਾਨਕ ਰਵੀਐ ਨਿਤ ॥੨॥੧੫॥ [ਮ: ੫, ਪੰਨਾ ੫੨੨

ਜੇ ਪ੍ਰਭੂ ਚਿਤ ਆਉਂਦਾ ਹੈ ਤਾਂ ਭਲਾ ਹੈ, ਪਰ ਜੇ ਪ੍ਰਭੂ ਚਿਤ ਨਹੀਂ ਆਉਂਦਾ, ਵਾਹਿਗੁਰੂ-ਨਾਮ ਤੋਂ ਵਿਛੋੜਾ ਬਣਿਆ ਰਹਿੰਦਾ ਹੈ ਤਾਂ ਸਤਿਗੁਰੂ ਜੀ ਉਸ ਦਿਨ-ਦਿਹਾਰ ਨੂੰ ਫਿਟਕਾਰ ਜੋਗ ਦਸਦੇ ਹਨ—

ਨਾਨਕ ਸੋਈ ਦਿਨਸੁ ਸੁਹਾਵੜਾ, ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨ ਵਿਸਰੈ ਪਾਰਬ੍ਰਹਮੁ, ਫਿਟੁ ਭਲੇਰੀ ਰੁਤਿ ॥੧॥੩॥ [ਸਲੋਕ ਮ: ੫, ਪੰਨਾ ੩੧੮

ਜੇ ਅਸਾਂ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ ਤਾਂ ਇਨ੍ਹਾਂ ਦਿਨ ਦਿਹਾਰਾਂ ਸਮੇਂ ਵਾਹਿਗੁਰੂ-ਨਾਮ ਨਾਲ ਜੁੜਨਾ ਚਾਹੀਦਾ ਹੈ। ਗੁਰਬਾਣੀ ਦੇ ਅੰਮ੍ਰਿਤ-ਰਸ ਨੂੰ ਹਿਰਦੇ ਵਿਚ ਭੁੰਚਣਾ ਚਾਹੀਦਾ ਹੈ।

ਜੋ ਵਾਹਿਗੁਰੂ-ਨਾਮ ਨਿਤ ਸੁਆਸ ਸੁਆਸ ਸਿਮਰਦਾ ਹੈ, ਉਸ ਪ੍ਰਭੂ ਦੇ ਗੁਣ ਗਾਉਂਦਾਂ ਰਹਿੰਦਾ ਹੈ, ਉਸ


www.AKJ.Org

ਲਈ ਇਹ ਦਿਨ-ਦਿਹਾਰ ਸਦਾ ਆਂਦੇ ਜਾਂਦੇ ਰਹਿੰਦੇ ਹਨ ਅਤੇ ਉਹ ਕੇਵਲ ਗੁਰ-ਸ਼ਬਦ, ਵਾਹਿਗੁਰੂ-ਸਿਮਰਨ ਨੂੰ ਹੀ ਸਦਾ ਸਥਿਰ ਮੰਨਦਾ ਹੈ—

ਥਿਤੀ ਵਾਰ ਸਭਿ ਆਵਹਿ ਜਾਹਿ ॥ ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥੭॥ (੮੪੨)

"ਊਠਤ ਬੈਠਤ ਸੋਵਤ ਨਾਮੁ" ਵਿਚ ਸੁਰਤਿ ਜੋੜਨ ਵਾਲੇ ਨੂੰ ਨਾਮ ਦੇ ਤੁਫ਼ੈਲ ਪ੍ਰਭੂ-ਪ੍ਰੀਤਮ ਹੀ ਸਦਾ ਭਾਉਂਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਸਾਰੀ ਰਚਨਾ ਦਾ ਰਚਣਹਾਰ ਅਤੇ ਸੱਚੀ ਹੋਂਦ ਵਾਲਾ ਸਰਬ-ਕਲਾ ਸਮਰੱਥ ਪ੍ਰਭੂ ਹੀ ਸੰਪੂਰਨ ਗਿਆਨ ਦਾ ਭੰਡਾਰ ਹੈ, ਬਾਕੀ ਸਾਰਾ ਸੰਸਾਰ ਬਿਨਸਨਹਾਰ ਹੈ, ਉਸ ਨੂੰ ਵੇਖ ਕੇ ਉਸ ਦੇ ਰੰਗ-ਤਮਾਸ਼ਿਆਂ ਵਿਚ ਭੁਲਣਾ ਨਹੀਂ ਚਾਹੀਦਾ। ਗੁਰ ਫ਼ੁਰਮਾਨ ਹੈ—

ਇਹੁ ਸੰਸਾਰੁ ਸਗਲ ਹੈ ਸੁਪਨੋ, ਦੇਖਿ ਕਹਾ ਲੋਭਾਵੈ ॥੧॥੩॥ [ਸਾਰੰਗ ਮ: ੯—੧੨੩੧

ਸੰਸਾਰ ਨੂੰ ਬਿਨਸਹਾਰ ਸਮਝ ਕੇ ਉਹ ਸ਼ੁਭ ਗੁਣਾਂ ਦੀ ਕਰਣੀ ਕਮਾਂਦਾ ਹੋਇਆ ਸ਼ਰਧਾ ਭਾਵਨੀ ਨਾਲ ਨਾਮ-ਸਿਮਰਨ ਦੀ ਕਾਰ ਕਮਾਂਦਾ ਰਹਿੰਦਾ ਹੈ—

ਦੁਨੀਆ ਕੈਸੇ ਮੁਕਾਮੇ ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧੭॥ (ਪੰਨਾ ੬੪)

ਗੁਣਵੰਤ ਸੇਵਕ ਪ੍ਰਭੂ-ਗਿਆਨ, ਨਾਮ-ਸਿਮਰਨ, ਗੁਰ-ਮੰਤਰ ਦੀ ਕਮਾਈ ਵਿਚ ਜੁਟਿਆ ਰਹਿੰਦਾ ਹੈ—

ਹਰਿ ਜਨ ਬੋਲਤ ਸ੍ਰੀ ਰਾਮ ਨਾਮਾ, ਮਿਲਿ ਸਾਧ ਸੰਗਤਿ ਹਰਿ ਤੋਰ ॥੧॥ਰਹਾਉ॥੮॥(੧੨੬੫)

ਅਤੇ— ਅਨਦਿਨ ਰਾਮ ਕੇ ਗੁਣ ਕਹੀਐ ॥
ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥੧॥ਰਹਾਉ॥੧੨॥ (੧੨੦੬)

ਇਉਂ ਹਿਰਦੇ ਵਿਚ ਰਾਮ ਨਾਮ ਦੇ ਗੁਣ ਗਾਂਦਿਆਂ ਪ੍ਰਭੂ ਵਿਚ ਧਿਆਨ ਲਾਈ ਰਖਦਾ ਹੈ, ਆਪਣੀ ਸੁਰਤ ਉਸ ਦੇ ਚਰਨਾਂ ਵਿਚ ਜੋੜੀ ਰਖਦਾ ਹੈ, ਹੁਕਮ ਦੀ ਕਾਰ ਕਮਾਂਦਿਆਂ ਹੋਇਆਂ, ਉਹ ਪ੍ਰਭੂ-ਪਤੀ ਦੀਆਂ ਨਜ਼ਰਾਂ ਵਿਚ ਕਬੂਲ ਪੈ ਜਾਂਦਾ ਹੈ।

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥
ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਉ ਸਿਉ ਰਾਤੀ ਰਲੀਐ ਮਾਨੈ ॥੧॥੩॥ (੭੩੭)

ਉਹ ਗੁਰਬਾਣੀ ਉਚਾਰਦਿਆਂ, ਅੰਮ੍ਰਿਤ-ਬਾਣੀ ਦੇ ਕੀਰਤਨ ਸ੍ਰਵਣ ਕਰਦਿਆਂ ਰਾਮ ਨਾਮ ਦੇ ਰਸ ਵਿਚ ਇਉਂ ਲੀਨ ਰਹਿੰਦਾ ਹੈ ਕਿ—

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ॥ ਗੁਰਬਾਣੀ ਹਰਿ ਅਲਖੁ ਲਖਾਇਆ ॥੧॥੫੫॥
[ਆਸਾ ਮ: ੫, ਪੰਨਾ ੩੬੬

ਇਸ ਤਰ੍ਹਾਂ—ਜਲਨਿ ਬੁਝੀ ਸੀਤਲੁ ਹੋਇ ਮਨੂਆ, ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥੩੦॥ (੧੩੦)

ਹੋਰ—ਸੂਖ ਸਹਜ ਆਨਦੁ ਘਣਾ ਪ੍ਰਭ ਜਪਤਿਆ ਦੁਖੁ ਜਾਇ ॥
ਨਾਨਕ ਨਾਮੁ ਜਪਤ ਸੁਖ ਊਪਜੈ ਦਰਗਹ ਪਾਈਐ ਥਾਉ ॥੧॥੧੨॥
[ਰਾਮਕਲੀ ਕੀ ਵਾਰ, ਸਲੋਕ ਮ: ੫, ਪੰਨਾ ੬੬੩

ਮਹੀਨੇ ਦੇ ਅੰਤ ਵਿਚ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਓਹੋ ਪ੍ਰਾਣੀ ਹੀ ਪ੍ਰਭੂ-ਪ੍ਰੀਤਮ ਨੂੰ ਪਿਆਰਾ ਹੋ ਸਕਦਾ ਹੈ, ਜੋ ਸੱਚੇ ਦਿਲੋਂ, ਪੂਰਨ ਪ੍ਰੇਮਾ ਭਗਤੀ ਦੁਆਰਾ ਆਪਣੇ ਸਾਹਿਬ ਨੂੰ ਸਿਮਰਦਾ ਹੈ, ਦਿਨ ਰਾਤ ਸੁਆਸ ਸੁਆਸ ਆਤਮ ਦੇ ਚਾਅ ਵਿਚ ਸੰਮਾਲਦਾ ਹੈ—

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥
ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥੭॥੧੭॥

[ਬਾਕੀ ਸਫ਼ਾ ੬ ਹੇਠ] (ਸੁਖਮਨੀ ਸਾਹਿਬ)



www.AKJ.Org

# ਗੁਰੂ ਨਾਨਕ ਨਿਰੰਕਾਰੀ—ਵੈਦ ਰੋਗੀਆਂ ਦਾ

[ ਗੁਰ ਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਗੁਰੂ ਨਾਨਕ ਨਿਰੰਕਾਰੀ ਨੂੰ ਸੰਸਾਰੀਆਂ ਉਤੇ ਤਰਸ ਆਇਆ, ਰੋਗ-ਗ੍ਰਸੇ ਸੰਸਾਰੀਆਂ ਉਤੇ ਰਹਿਮ ਆਇਆ ਅਤੇ ਬਹੁਤਾ ਏਸ ਕਰਕੇ ਆਇਆ ਕਿ ਰੋਗੀ ਸੰਸਾਰ ਨੂੰ ਅਪਣੇ ਰੋਗ ਦਾ ਹੀ ਪਤਾ ਨਹੀਂ ਸੀ। ਰੋਗ-ਰੰਞਾਣੇ ਸੰਸਾਰੀਆਂ ਨੂੰ ਆਪਣੇ ਰੋਗ ਨੂੰ ਰੋਗ ਜਾਨਣ ਦਾ ਅਹਿਸਾਸ ਹੀ ਨਹੀਂ ਸੀ। ਕੈਸੀ ਤਰਸ ਯੋਗ ਹਾਲਤ ਹੈ! ਰੋਗੀ ਤ੍ਰਾਹ ਤ੍ਰਾਹ ਕਰ, ਆਪਣੇ ਰੋਗ ਵਿਚ ਰਿਝ ਰਹੇ ਹਨ, ਹਾਏ ਹਾਏ ਕਰ, ਰੋਗ ਦੇ ਮਾਰੇ, ਬਿਲਲਾ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਰੋਗ ਦੀ ਸਾਰ ਨਹੀਂ, ਰੋਗ ਦੀ ਖਬਰ ਨਹੀਂ, ਉਹਨਾਂ ਨੂੰ ਰੋਗ ਪ੍ਰਤੀਤ ਨਹੀਂ ਹੁੰਦਾ। ਰੋਗੀਆਂ ਨੂੰ ਆਪਣੇ ਰੋਗ ਦੀ ਪਛਾਣ ਨਹੀਂ। ਰੋਗ ਦੀ ਪ੍ਰਤੀਤੀ ਹੀ ਨਹੀਂ ਤਾਂ ਪੁਕਾਰ ਕਉਣ ਕਰੇ? ਪੀੜਾ ਹੈ, ਪਰ ਪੀੜਾ ਦੀ ਸੂਝ ਨਹੀਂ!! ਵੇਦਨ ਹੈ, ਪਰ ਵੇਦਨ ਦੀ ਬੂਝ ਨਹੀਂ। ਦਾਰਨ ਦੁਖ ਹੈ, ਪਰ ਦੁਖ ਦਾ ਭੇਤ ਨਹੀਂ। ਦੁਖ-ਰੋਗ ਵਿਚ ਕਰਿੱਝ ਕੇ ਮਰ ਰਹੇ ਹਨ, ਖੁਰ ਖਪ ਰਹੇ ਹਨ, ਫਿਰ ਰੋਗੋਂ ਅਜਾਣ ਹਨ, ਪੁਕਾਰ ਕਰਨ ਤਾਂ ਕੀ ਕਰਨ? ਕਿਸ ਰੋਗ ਦੀ ਪੁਕਾਰ ਕਰਨ? ਨਾ ਪੁਕਾਰ ਨਾ ਵੈਦ ਦੀ ਜੋਹਾਰ। ਬਿਨਾਂ ਲੋੜ ਤੋਂ, ਬਿਨਾਂ ਪੁਕਾਰ ਤੋਂ ਵੈਦ ਬੁਲਾਵਣ ਦੀ ਕੀ ਲੋੜ?

ਰੋਗੀਆਂ ਦੀ ਰੋਗ ਫ਼ਰਿਆਦ ਸੁਣੇ ਬਿਹੂਣ ਸੰਸਾਰ ਦੇ ਵੈਦਾਂ ਦੇ ਉਹ ਕੰਨ ਹੀ ਨਹੀਂ ਕਿ ਉਸ ਫ਼ਰਿਆਦ ਨੂੰ ਸੁਣਨ। ਬਿਨਾਂ ਪੁਕਾਰ ਸੁਣਾਏ, ਬਿਨਾਂ ਰੋਗ ਜਣਾਏ ਸੰਸਾਰੀ ਵੈਦਾਂ ਨੂੰ ਜਾਚ ਹੀ ਨਹੀਂ ਕਿ ਆਪੇ ਉਸ ਰੋਗ ਦੀ ਪਰਖ ਪਛਾਣ ਕਰ ਸਕਣ! ਉਹ ਤਾਂ ਆਪ ਹੀ ਇਸ ਰੋਗ ਦੇ ਮਾਰੇ ਹਨ। ਸੰਸਾਰੀ ਵੈਦਾਂ ਨੂੰ ਇਸ ਰੋਗ ਦੀ ਤਸ਼ਖ਼ੀਸ ਤਾਬੀਰ (ਪਰਖ ਕਰ ਕੇ ਦਸਣ ਦੀ ਸਮਰੱਥਾ) ਹੁੰਦੀ ਤਾਂ ਪਹਿਲਾਂ ਆਪਣਾ ਰੋਗ ਹੀ ਨਾ ਗੰਵਾ ਲੈਂਦੇ। ਰੋਗੀ ਵੈਦ ਰੋਗੀ ਬੀਮਾਰ ਦਾ ਕੀ ਇਲਾਜ ਕਰ ਸਕਦੇ ਹਨ, ਜਦ ਕਿ ਰੋਗ, ਵੈਦ ਅਤੇ ਬੀਮਾਰ ਨੂੰ, ਡਾਕਟਰ ਅਤੇ ਪੇਸ਼ੈਂਟ ਨੂੰ, ਹਕੀਮ ਅਤੇ ਮਰੀਜ਼ ਨੂੰ ਇਕੋ ਅਤੇ ਓਹੋ ਰੋਗ ਹੀ ਹੋਵੇ। ਸੱਚ ਤਾਂ ਇਹ ਹੈ ਕਿ ਸੰਸਾਰੀ ਵੈਦ ਸਭ ਅਜਾਣ ਹਨ। ਕੋਈ ਭੀ ਸੁਜਾਣ ਵੈਦ ਨਹੀਂ। ਸੰਸਾਰਕ ਅਤੇ ਸਰੀਰਕ ਰੋਗਾਂ ਦੇ ਤਾਂ ਬਥੇਰੇ ਵੈਦ ਹਕੀਮ ਅਤੇ ਡਾਕਟਰ ਬਣੇ ਫਿਰਦੇ ਹਨ, ਪਰ ਇਹ ਸਰੀਰ ਦਾ ਰੋਗ ਤਾਂ ਇਕ ਓਪਰਾ ਜਿਹਾ ਰੋਗ ਹੈ। ਸੋ ਉਸ ਦੇ ਵੈਦ ਭੀ ਓਪਰੇ ਜਿਹੇ ਅਤੇ ਉਰੇ ਪਰੇ ਦੇ ਹਨ। ਉਰੇ ਪਰੇ ਦੀਆਂ ਬੀਮਾਰੀਆਂ ਉਰੇ ਪਰੇ ਦੀਆਂ ਦਵਾਈਆਂ ਦੇ ਕੇ ਹਟਾ ਦਿੰਦੇ ਹਨ। ਉਹ ਭੀ ਆਰਜ਼ੀ ਤੌਰ ਪਰ। ਰੋਗ ਦੀ ਜੜ੍ਹ-ਮੇਖ ਫੇਰ ਭੀ ਉਹਨਾਂ ਪਾਸੋਂ ਨਹੀਂ ਜਾਂਦੀ। ਜੇ ਜਾਵੇ ਤਾਂ ਮੁੜ ਮੁੜ ਫੇਰ ਓਹੋ ਰੋਗ ਨਾ ਹੋਣ, ਨਾ ਉਪਜ ਖੜੋਣ। ਜਦ ਤਾਈਂ ਸਾਰੇ ਰੋਗਾਂ ਦਾ ਰੋਗ, ਦੀਰਘ ਰੋਗ ਤਲਾਮੂਲ ਤੋਂ ਨਹੀਂ ਉਖੜਦਾ, ਜਦ ਤਾਈਂ ਸਾਰੇ ਰੋਗਾਂ ਦੇ ਮੂਲ ਕਾਰਨ ਦੀ ਜੜ੍ਹ-ਮੇਖ ਨਹੀਂ ਜਾਂਦੀ, ਤਦ ਤਕ ਰੋਗੀ ਅਰੋਗ ਅਤੇ ਨਿਰਦੋਖ ਕਿਵੇਂ ਹੋਣ। ਹੋਰ ਹੋਰ ਰੋਗਾਂ ਦਾ ਇਲਾਜ ਤਾਂ ਕਰੀ ਕਰਾਈ ਜਾਂਦੇ ਹਨ, ਪਰ ਮੂਲ ਮੇਖਨੀ ਰੋਗ ਦਾ ਕੋਈ ਇਲਾਜ ਨਹੀਂ ਕਰਾਉਂਦਾ ਅਤੇ ਨਾ ਹੀ ਉਸ ਦਾ

---

[ਸਫਾ ੫ ਦੀ ਬਾਕੀ]

ਅਤੇ—ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥
ਠਾਕੁਰੁ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ਰਹਾਉ॥੩੧॥ (ਪੰਨਾ ੬੭੦)

ਇਸ ਤਰ੍ਹਾਂ ਗੁਣ ਗਾਉਣਹਾਰਾ ਗੁਣਵੰਤ ਗੁਰਸਿਖ ਦਿਨ-ਦਿਹਾਰਾਂ ਨੂੰ ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਆਪਣਾ ਸਭ ਕੁਝ ਉਸ ਪ੍ਰਭੂ ਨੂੰ ਸੌਂਪ ਦਿੰਦਾ ਹੈ ਅਤੇ ਸਹਜ ਰੰਗ ਵਿਚ ਸਮਾਇਆ ਹੋਇਆ ਪ੍ਰਭੂ-ਪ੍ਰੀਤਮ ਦਾ ਪਿਆਰਾ ਹੋ ਜਾਂਦਾ ਹੈ।



www.AKJ.Org

ਇਲਾਜ ਕਰਨਹਾਰਾ ਸੰਸਾਰ ਵਿਚ ਕੋਈ ਹੈ। ਹਜ਼ਰਤ ਈਸਾ ਜੀ ਰੋਗਾਂ ਦੇ ਮਸੀਹਾ ਹੋ ਕੇ ਉੱਠੇ। ਪਰ ਇਸ ਵਿਅਕਤੀ ਨੇ ਭੀ ਸਰੀਰਾਂ ਦੇ ਆਮ ਰੋਗ ਹੀ ਹਟਾਏ। ਦੀਰਘ ਰੋਗ ਦੀ ਇਸ ਨੂੰ ਭੀ ਪਛਾਣ ਨਾ ਹੋਈ ਤੇ ਨਾ ਹੀ ਉਸ ਪਾਸ ਇਸ ਦਾ ਦਾਰੂ ਸੀ। ਅਗੰਮੀ ਰੋਗਾਂ ਦੀਆਂ ਅਗੰਮੀ ਦਵਾਈਆਂ।

ਰੋਗ ਦਾਰੂ ਦੋਹਾਂ ਦੀ ਗੰਮਤਾ ਦਾ ਕਾਲ ਪੈ ਰਿਹਾ ਸੀ ਕਿ ਅਗੰਮ ਤੋਂ ਰੋਗ ਦਾਰੂ ਦੋਹਾਂ ਦੀ ਗੰਮਤਾ ਵਾਲੇ ਸੱਚੇ ਸੁਜਾਨ ਵੈਦ ਗੁਰੂ ਨਾਨਕ ਦੇਵ ਜੀ ਉਤਰੇ ਅਤੇ ਉਤਰਨ ਸਾਰ ਹੀ ਪਹਿਲਾਂ ਉਸ ਸੱਚੇ ਵੈਦ ਨੇ ਰੋਗੀਆਂ ਨੂੰ, ਰੋਗ-ਆਰਤ ਰੋਗੀਆਂ ਨੂੰ ਉਹਨਾਂ ਦਾ ਰੋਗ ਅਨਭਵ ਕਰਾਇਆ, ਫੇਰ ਰੋਗ ਦੇ ਇਲਾਜ ਦੀ ਲੋੜ ਪ੍ਰਤੀਤ ਕਰਾਈ। ਰੋਗ ਦੇ ਖ਼ੁਦ ਜਾਣੂ ਪਛਾਣੂ ਅਤੇ ਪਾਰਖੂ ਹੋ ਕੇ ਤਾਂ ਉਹ ਖ਼ੁਦ ਧੁਰ ਦਰਗਾਹੋਂ ਹੀ ਆਏ ਸਨ। ਹਾਂ ਜੀ, ਰੋਗ ਅਉਖਧੀ ਦੇ ਭੀ ਮਾਹਰ ਹੋ ਕੇ ਆਏ ਸਨ। ਆਉਂਦੇ ਸਾਰ ਹੀ ਸਤਿਗੁਰੂ ਨਾਨਕ ਦੇਵ ਜੀ ਸੱਚੇ ਵੈਦ ਗੁਰੂ ਨੇ ਰੋਗੀ ਸੰਸਾਰ ਪ੍ਰਤੀ ਡੰਕੇ ਦੀ ਚੋਟ ਨਾਲ ਰੋਗ-ਦਾਰੂ ਦੋਹਾਂ ਦਾ ਢੰਡੋਰਾ ਦਿਤਾ ਅਤੇ ਇਸ ਬਿਧਿ ਦਿਤਾ। ਯਥਾ ਗੁਰਵਾਕ:—

ਦੁਬਿਧਾ ਮਨਮੁਖ ਰੋਗ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥
ਮੇਰੇ ਪ੍ਰੀਤਮ ਕਰਿ ਕ੍ਰਿਪਾ ਦੇਹਿ ਬੁਝਾਈ ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ਰਹਾਉ॥...੧੧॥ (੧੧੩੦)

ਤਥਾ ਇਸ ਬਿਧਿ ਇਸ ਰੋਗ ਦੀ ਅਤੇ ਰੋਗ-ਨਵਿਰਤੀ ਦੀ ਦੋਹੀ ਫੇਰੀ :—

ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥
ਹਰਿ ਜੀਉ ਸਤਸੰਗਤਿ ਮੇਲਾਇ ॥
ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥੧॥ਰਹਾਉ॥੧੨॥(੧੧੩੦)

ਪੁਨਾ—ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥
ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥੨॥੧੩॥ (੧੧੩੧)
—ਬਾਝੁ ਗੁਰੂ ਜਗਤੁ ਬਉਰਾਨਾ ਭੂਲਾਂ ਚੋਟਾ ਖਾਈ ॥
ਮਰਿ ਮਰਿ ਜੰਮੈ ਸਦਾ ਦੁਖੁ ਪਾਏ ਦਰ ਕੀ ਖਬਰਿ ਨ ਪਾਈ ॥੧॥੧੮॥ (੧੧੩੨)
—ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ਰਹਾਉ॥...
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੨੦॥ (੧੧੪੦)

ਇਸ ਪ੍ਰਕਾਰ ਸਤਿਗੁਰ ਨਾਨਕ ਸੱਚੇ ਵੈਦ ਨੇ ਰੋਗ ਅਤੇ ਦਾਰੂ ਦੋਹਾਂ ਦਾ ਹੋਕਾ ਫੇਰਿਆ। ਇਕ ਵਾਰ ਨਹੀਂ, ਦੋ ਦਹਿ ਵਾਰ ਨਹੀਂ, ਅਨੇਕ ਵਾਰ, ਅਣਗਿਣਤ ਵਾਰ ਰੋਗ ਅਤੇ ਦਾਰੂ ਨੂੰ ਅਸਾਂ ਪ੍ਰਤੀ ਨਿਸ਼ਚਿਤ ਕਰਾਇਆ ਅਤੇ ਗੁਰਬਾਣੀ ਦੀ ਤੁਕ ਤੁਕ ਅੰਦਰ ਨਾਮ-ਦਾਰੂ ਨੂੰ ਦ੍ਰਿੜ੍ਹਾਇਆ, ਪਰ ਅਸਾਂ ਕਲਜੁਗੀ ਅਭਾਗੇ ਜੀਵਾਂ ਨੂੰ ਨਾ ਆਪਣਾ ਰੋਗ ਪ੍ਰਤੀਤ ਹੋਇਆ ਅਤੇ ਨਾ ਹੀ ਨਾਮ-ਦਾਰੂ ਉਤੇ ਨਿਸਚਾ ਆਇਆ।

ਅਸਲ ਗੱਲ ਇਹ ਹੈ ਕਿ ਅਸਾਂ ਨਾਮ-ਧਰੀਕ ਸਿੱਖਾਂ ਨੂੰ ਨਾਮ ਵਾਲੀ ਗੱਲ ਪੋਂਹਦੀ ਹੀ ਨਹੀਂ। ਨਾਮ ਵਾਲੀ ਗੱਲ, ਇਕੋ ਲੇਖੇ ਵਾਲੀ ਗੱਲ ਉਤੇ ਸ਼ਰਧਾ-ਭਾਵਨੀ ਹੀ ਨਹੀਂ ਆਉਂਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਏਸੇ ਲੇਖੇ ਵਾਲੀ, ਸੱਚੇ ਲੇਖੇ ਵਾਲੀ ਗੱਲ ਨੂੰ ਦ੍ਰਿੜ੍ਹਾਉਂਦੀ ਹੈ। ਸਾਰੀ ਗੁਰਬਾਣੀ ਦਾ ਤਤਸਾਰ ਨਾਮ ਵਾਲੀ ਇਕੋ ਗੱਲ ਨੂੰ ਦ੍ਰਿੜ੍ਹਾਵਣਾ ਹੈ, ਪਰ ਅਸੀਂ ਬਾਣੀ ਦਾ ਪਾਠ ਕਰਦੇ ਹੀ ਨਹੀਂ, ਕਰਦੇ ਹਾਂ ਤਾਂ ਉਪਰ ਦੀ ਲੰਘ ਜਾਂਦੇ ਹਾਂ। ਜੇ ਕਿਤੇ ਅਟਕਦੇ ਹਾਂ ਤਾਂ ਆਪੋ ਆਪਣੀਆਂ ਮਨ ਦੀਆਂ ਮਤਾਂ ਅਤੇ ਫੋਕਟ ਸਿਆਣਫਾਂ ਨਾਲ ਗੁਰਬਾਣੀ ਨੂੰ ਵੀਚਾਰਦੇ ਹਾਂ।


www.AKJ.Org

ਦੇਖੋ ਗੁਰੂ ਸਾਹਿਬ ਕੈਸਾ ਸਪੱਸ਼ਟ ਹੁਕਮ ਦਿੰਦੇ ਹਨ। ਯਥਾ ਗੁਰਵਾਕ :—

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ (੧੯੪)

ਤਥਾ—ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ (੨੯੬)

ਪੁਨਾ—ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥੩੨॥ [ਜਪੁਜੀ

ਪੁਨਾ—ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥
ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥੧॥ [ਸਿਰੀਰਾਗੁ ਮ: ੩, ਪੰਨਾ ੨੯
—ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥
ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ਰਹਾਉ॥੭੭॥ (੪੪)
—ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥
ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥[ਆਸਾ ਮ: ੫,ਪੰਨਾ ੩੮੨

ਅਜਿਹੇ ਗੁਰ ਪ੍ਰਮਾਣਾਂ ਨਾਲ ਸਾਰੀ ਹੀ ਗੁਰਬਾਣੀ ਪੂਰਤ ਹੈ, ਜਿਨ੍ਹਾਂ ਤੋਂ ਕਿ ਬਾਰੰਬਾਰ ਖਿਨ ਖਿਨ ਪਲ ਪਲ ਸੁਆਸ ਸੁਆਸ ਨਾਮ ਜਪਣ ਦਾ ਤਾਕੀਦੀ ਹੁਕਮ, ਤੱਤ ਹੁਕਮ ਸਪੱਸ਼ਟ ਸਿਧ ਹੁੰਦਾ ਹੈ।

ਨਾਮ ਨੂੰ ਜਪਣਾ, ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਪਰ ਇਸ ਦੀ ਪਾਰਸ-ਕਲਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਕਿ ਇਸ ਨੂੰ ਪਰਸਿਆ ਹੋਵੇ। ਪਰ ਇਹ ਐਸਾ ਪਾਰਸ ਹੈ ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ। ਪਾਰਸ-ਕਲਾ ਦੀਆਂ ਡਿਗਰੀਆਂ ਪਰੇ ਤੋਂ ਪਰੇ ਹਨ ਤੇ ਪਾਰਸ ਪਰਸਣ ਵਾਲਾ ਅਮਲ-ਅਭਿਆਸ ਭੀ ਪਰੇ ਤੋਂ ਪਰੇ ਹੈ। ਲੋਕ ਤਾਂ ਛੂ-ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ। ਅੰਮ੍ਰਿਤ ਨਾਮ ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ-ਅਧਿਕਾਰੀ ਸਿੱਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰਮੰਤ੍ਰ ਦੀ ਅਮਰ-ਜੀਵਨੀ-ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ-ਆਤਮੇ ਅੰਮ੍ਰਿਤ ਛਕਣ-ਸਾਰ ਅਤੇ ਅੰਮ੍ਰਿਤ-ਨਾਮ ਮਿਲਣ ਸਾਰ ਹੀ ਛਿਨਕ-ਮਾਤਰ ਵਿਚ ਪਾਰਸ-ਕਲਾ ਪਰਵੇਸ਼ ਹੋ ਜਾਵੰਦੀ ਹੈ। ਰਸ-ਜੋਤਿ-ਪ੍ਰਕਾਸ਼ ਵਾਲੀ ਬਿਵਸਥਾ ਕੇਵਲ ਇਸ ਅੰਮ੍ਰਿਤ-ਨਾਮ ਦੀ ਪਾਰਸ-ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਉਂ ਜਿਉਂ ਨਾਮ ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼ ਕਣੀ ਦਾ ਵਿਗਾਸ ਵਧੇਰੇ ਹੁੰਦਾ ਚਲਾ ਜਾਏਗਾ। ਇਸ ਜੋਤਿ-ਪ੍ਰਕਾਸ਼-ਬਿਵਸਥਾ ਦੇ ਚੜ੍ਹਾਉ ਦਾ ਥਾਹ ਕੁਛ ਨਹੀਂ। ਪਰੇ ਤੋਂ ਪਰੇ ਹੈ। ਅਤੇ ਨਾਮ ਅਭਿਆਸ ਕਮਾਈ ਦੀ ਭੀ ਥਾਹ ਨਹੀਂ ਹੈ।

ਜਿਨ੍ਹਾਂ ਪੂਰਬ-ਅੰਕੂਰ ਕਰਮ-ਕਰੂਰੀ-ਜਨਾਂ ਉਤੇ ਅੰਮ੍ਰਿਤ ਛਕਣ ਸਮੇਂ ਉੱਪਰ ਲਿਖੇ ਅਨੁਸਾਰ ਤੱਤ ਕਾਲ ਹੀ ਰਸ-ਜੋਤਿ-ਪ੍ਰਕਾਸ਼ ਵਾਲੀ ਖੇਡ ਨਹੀਂ ਵਰਤਦੀ, ਪਰ ਨਾਮ ਗੁਰਮੰਤ੍ਰ ਦੀ ਦ੍ਰਿੜ੍ਹ ਪ੍ਰਾਪਤੀ ਹੋ ਜਾਂਦੀ ਹੈ, ਉਹ ਭੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਵਾਲਾ ਜਲਵਾ ਦੇਖ ਸਕਦੇ ਹਨ। ਪਰ ਇਸ ਰਸ-ਜੋਤਿ-ਪ੍ਰਕਾਸ਼ ਦੇ ਜਲਵੇ ਵਾਲੀ ਭੀ ਅਕਥ ਕਥਾ ਹੈ। ਸੋ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਭਿਆਸੀ ਜਨ ਪਰ ਨਾਮ ਅਭਿਆਸ ਕਮਾਈ ਦੁਆਰਾ ਇਹ ਦਸ਼ਾ ਜ਼ਰੂਰ ਵਰਤਦੀ ਹੈ, ਕਿਉਂਕਿ ਨਾਮ ਵਿਚ ਪਾਰਸ-ਕਲਾ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ, ਅਰਥਾਤ, ਜਿਉਂ ਜਿਉਂ ਇਸ ਦੀ ਅਭਿਆਸ ਕਮਾਈ ਕਰੋਗੇ, ਤਿਉਂ ਤਿਉਂ ਇਸ ਦਾ ਪਾਰਸ-ਤਿਲਸਮੀ-ਮੁਅਜਜ਼ਾ (ਜਾਦੂ ਭਰੀ ਕਰਾਮਾਤ) ਵਰਤਦਾ ਜਾਣਾ ਹੈ।

ਲੋਕੀ ਕਹਿੰਦੇ ਹਨ ਕਿ ਬਥੇਰਾ ਬਾਣੀ ਪੜ੍ਹਦੇ ਹਾਂ, ਬਥੇਰਾ ਨਾਮ ਜਪਦੇ ਹਾਂ, ਕੁਛ ਨਹੀਂ ਬਣਦਾ, ਸਾਨੂੰ


www.AKJ.Org

ਐਨੇ ਸਾਲ ਹੋ ਗਏ, ਪਰ ਜੋ ਕੁਛ ਨਾਮ ਬਾਣੀ ਸੁਨਣ ਪੜ੍ਹਨ ਦਾ ਮਹਾਤਮ ਗੁਰਬਾਣੀ ਵਿਚ ਲਿਖਿਆ ਹੈ, ਉਸ ਬਿਵਸਥਾ ਵਾਲੀ ਘਟਨਾ ਨਹੀਂ ਘਟੀ। ਇਹ ਉਨ੍ਹਾਂ ਦਾ ਕਹਿਣਾ ਫ਼ਜ਼ੂਲ ਹੈ। ਯਾ ਤਾਂ ਉਨ੍ਹਾਂ ਨੂੰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਣ ਦੀ ਬਿਧੀ ਅਤੇ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ, ਯਾ ਅੰਮ੍ਰਿਤ ਛਕਣ ਪਸਚਾਤ ਕੁਛ ਬਿਘਨ ਪੈ ਗਿਆ ਹੈ। ਇਹ ਗੱਲ ਪੱਕੀ ਹੈ ਕਿ ਨਿਗੁਰੇ ਪੁਰਸ਼ਾਂ ਨੂੰ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਨਾਮ ਨਹੀਂ ਪ੍ਰਾਪਤ ਹੋ ਸਕਦਾ। ਨਾਮ ਦੀ ਪ੍ਰਾਪਤੀ ਪਿਛੋਂ ਨਾਮ ਦੀ ਕਮਾਈ (ਸਿਮਰਨ) ਗੁਰਬਾਣੀ ਦੀ ਅਤੇ ਕੇਵਲ ਗੁਰਬਾਣੀ ਦੀ ਕਮਾਈ ਉਨ੍ਹਾਂ ਦੀ ਰੂੰਗੇ ਮਾਤਰ ਹੀ ਹੁੰਦੀ ਹੈ, ਅਤੇ ਅੰਮ੍ਰਿਤ ਛਕ ਕੇ ਨਾਮ ਪ੍ਰਾਪਤ ਕਰ ਕੇ ਭੀ ਬਹੁਤ ਸਾਰੇ ਜਗਿਆਸੂ ਐਸੇ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਨਾਮ-ਰਸ ਪ੍ਰਕਾਸ਼ਤ ਨਹੀਂ ਹੋਇਆ ਹੁੰਦਾ। ਤਾਂ ਤੇ ਓਹਨਾਂ ਦੀ ਨਾਮ ਦੀ ਅਤੇ ਬਾਣੀ ਦੀ ਕਮਾਈ ਬਹੁਤ ਥੋੜੀ ਹੁੰਦੀ ਹੈ। ਨਾਮ ਬਾਣੀ ਵਿਚ ਲਥ-ਪਥ ਹੋ ਕੇ ਜੁਟੇ ਬਿਨਾ ਤਾਂ "ਸੇਵਾ ਥੋਰੀ ਮਾਗਨੁ ਬਹੁਤਾ"* ਵਾਲੀ ਗੱਲ ਹੀ ਰਹਿ ਜਾਂਦੀ ਹੈ। ਜਿਸ ਪ੍ਰਕਾਰ ਕਿ ਮਾਇਆ ਦੇ ਧੰਧ ਬੰਧ ਵਿਚ ਪ੍ਰਾਣੀ ਲਥ-ਪਥ ਅਤੇ ਲੰਪਟ ਰਹਿੰਦਾ ਹੈ, ਇਸ ਪ੍ਰਕਾਰ ਇਕ ਵਾਰ ਤਾਂ ਰਾਤ ਦਿਨ ਕਰਕੇ ਨਾਮ-ਕਮਾਈ ਵਿਚ ਜੁਟਣਾ ਪੈਂਦਾ ਹੈ। ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਪੈਂਦੀ ਹੈ, ਜਦ ਤਾਈਂ ਕਿ ਨਾਮ ਦਾ ਰਸ ਨਹੀਂ ਆਉਂਦਾ। ਪਹਿਲਾਂ ਤਾਂ ਇਸ ਜੀਉੜੇ ਨੂੰ ਜਨਮ ਜਨਮ ਦੀ ਮੈਲ ਲਗੀ ਹੋਈ ਹੁੰਦੀ ਹੈ, ਫੇਰ ਏਸ ਜਨਮ ਵਿਚ ਆ ਕੇ ਭੀ ਮਸਾਂ ਪਾਸੰਗ ਮਾਤਰ ਹੀ ਇਸ ਦੀ ਕਮਾਈ ਹੁੰਦੀ ਹੈ। ਤਾਂ ਅਨਮਾਨ ਲਗਾ ਲਵੋ ਕਿ ਉਸ ਦਾ ਇਹ ਆਖਣਾ ਕੀ ਅਰਥ ਰਖਦਾ ਹੈ ਕਿ ਮੈਂ ਬੜੀ ਕਮਾਈ ਕੀਤੀ, ਬੜੀ ਬਾਣੀ ਪੜ੍ਹੀ ਸੁਣੀ, ਪਰ ਕਖ ਨਹੀਂ ਬਣਿਆ। ਇਹ ਉਸ ਦਾ ਆਖਣਾ ਗਲਤ ਅਤੇ ਕੋਰਾ ਝੂਠ ਹੈ। ਜਨਮ ਜਨਮ ਦੇ ਕੁਕਰਮਾਂ ਦੀ ਮੈਲ ਦੇ ਮੁਕਾਬਲੇ ਵਿਚ ਕਮਾਈ ਤਾਂ ਨਹੁੰ ਮਾਤਰ ਭੀ ਨਹੀਂ ਹੁੰਦੀ। ਸਮੇਂ ਦਾ ਦਸੌਂਧ ਭੀ ਨਹੀਂ ਲੇਖੇ ਲਗਦਾ ਨਾਮ ਬਾਣੀ ਦੀ ਕਮਾਈ ਵਿਚ, ਤਾਂ ਉਸ ਦਾ ਸ਼ੰਕਾ ਬਿਰਥਾ ਅਤੇ ਬਿਲਕੁਲ ਫ਼ਜ਼ੂਲ ਹੈ। ਵੈਦ-ਗੁਰੂ ਦੇ ਹੁਕਮ ਅਨੁਸਾਰ ਓਹ ਕਮਾਈ ਹੀ ਨਹੀਂ ਕਰਦਾ ਅਤੇ ਨਾ ਹੀ ਵੈਦ ਗੁਰੂ ਦੀ ਹਦਾਇਤ ਅਨੁਸਾਰ ਪੱਥ ਸੰਜਮ ਰਖਦਾ ਹੈ ਅਤੇ ਬਿਰਥਾ ਦੋਸ਼ ਨਾਮ ਬਾਣੀ ਨੂੰ ਦਿੰਦਾ ਹੈ। ਕੀ "ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨਾ ਬਿਰਥਾ ਜਾਇ"† ਦੇ ਗੁਰਵਾਕ ਅਨੁਸਾਰੀ ਹਦਾਇਤ ਉਤੇ ਓਹ ਪੂਰੀ ਵਰਤੋਂ ਕਰਦਾ ਹੈ? ਕਦੇ ਨਹੀਂ। ਜੇ ਕਰੇ ਤਾਂ ਨਾਮ ਬਾਣੀ ਦੀ ਪਾਰਸ-ਕਲਾ ਜ਼ਰੂਰ ਵਰਤੇ—

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ॥
ਗਾਏ ਸੁਨੈ ਆਖੈਂ ਮੀਚੈ ਪਾਈਐ ਨ ਪਰਮ ਪਦੁ ਗੁਰ ਉਪਦੇਸ ਗਹਿ ਜੌ ਲੌ ਨਾ ਕਮਾਈਐ॥੪੩੯॥

ਵਾਲਾ ਭਾਈ ਗੁਰਦਾਸ ਜੀ ਦਾ ਭਾਵ ਬਿਲਕੁਲ ਸਤਿ ਹੈ। ਬਸ! ਗੁਰ-ਉਪਦੇਸ਼ ਗਹਿ ਕਰ ਕੇ ਕਮਾਉਣ ਵਿਚ ਹੀ ਕਸਰ ਰਹਿ ਜਾਂਦੀ ਹੈ। ਆਮ ਤੌਰ ਤੇ ਤਾਂ ਇਸ ਗੁਰ-ਉਪਦੇਸ਼ ਨੂੰ ਲੋਕੀ ਸਰਸਰੀ ਅਰਥਾਂ ਵਾਲਾ ਉਪਦੇਸ਼ ਹੀ ਸਮਝਦੇ ਹਨ, ਪਰ ਗੁਰਮਤਿ ਦਾ ਸੱਚਾ ਉਪਦੇਸ਼ ਕੀ ਹੈ ਅਤੇ ਉਸ ਉਤੇ ਅਮਲ ਕਰਨ ਦੀ ਪਾਰਸ-ਕਲਾ ਕੀ ਵਰਤਦੀ ਹੈ, ਓਹ ਇਸ ਗੁਰਵਾਕ ਪੰਗਤੀ ਵਿਚ ਬੜੀ ਅਸਚਰਜ ਸੁੰਦਰਤਾ ਸਹਿਤ ਗੁੰਫਤ ਹੈ। ਯਥਾ—

ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥੧॥੮੭॥ (੪੮)

ਨਾਮ ਜਪਣ ਰੂਪ ਸੱਚੇ ਹੁਕਮ ਉਪਦੇਸ਼ ਦੀ ਪਾਰਸ-ਕਮਾਈ ਦੇ ਤੁਫ਼ੈਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ।

ਹੁਣ ਜੀਓ ਕਰਦਾ ਹੈ ਕਿ ਨਾਮ ਜਪਣ ਦੀ ਪਾਰਸ-ਕਲਾ ਪ੍ਰਥਾਇ ਕੁਛਕੁ ਗੁਰ-ਪ੍ਰਮਾਣਾਂ ਦੀ ਲੜੀ ਲਿਖੀ ਜਾਏ, ਤਾਕਿ ਇਹ ਗੱਲ ਭਲੀ ਭਾਂਤ ਸਿਧ ਹੋ ਜਾਵੇ ਕਿ ਨਾਮ ਜਪਣਾ ਕਦੇ ਬਿਰਥਾ ਨਹੀਂ ਜਾਂਦਾ। ਨਾਮ ਰੂਪੀ ਅਉਖਧੀ ਵਰਤਣ ਕਰਿ, ਸਾਰੇ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਖ਼ਾਤਮਾ ਹੋ ਜਾਂਦਾ ਹੈ ਅਤੇ ਨਾਮ ਦੇ ਜਪਣ ਕਰਿ ਅਮਿਤ ਬਰਕਤਾਂ ਆ ਵੁਠਦੀਆਂ ਹਨ ਅਤੇ ਅਕਲ ਕਲਾ ਮਈ ਨਾਨਾ ਪ੍ਰਕਾਰ ਦੀ ਪਾਰਸ ਸ਼ਕਤਿ

*ਸੂਹੀ ਮਃ ੫, ਪੰਨਾ ੭੩੮ †ਬਿਹਾਗੜੇ ਕੀ ਵਾਰ (੨॥੧੯) ਪੰਨਾ ੫੫੬

ਪ੍ਰਾਪਤ ਹੁੰਦੀ ਹੈ। ਤਾਂ ਤੇ ਨਾਮ ਦੀ ਮਹਿਮਾ ਵਾਲੇ ਗੁਰ ਪ੍ਰਮਾਣ ਲਿਖਣੇ ਲਾਜ਼ਮੀ ਹਨ। ਯਥਾ ਗੁਰਵਾਕ:—

ਨਾਮੁ ਲੈਤ ਮਨੁ ਪਰਗਟੁ ਭਇਆ ॥ ਨਾਮੁ ਲੈਤ ਪਾਪੁ ਤਨ ਤੇ ਗਇਆ ॥
ਨਾਮੁ ਲੈਤ ਸਗਲ ਪੁਰਬਾਇਆ ॥ ਨਾਮੁ ਲੈਤ ਅਠਸਠਿ ਮਜਨਾਇਆ ॥੧॥
ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥੧॥ਰਹਾਉ॥
ਨਾਮੁ ਲੈਤ ਦੁਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥
ਨਾਮੁ ਲੈਤ ਪਰਗਟਿ ਉਜੀਆਰਾ ॥ ਨਾਮੁ ਲੈਤ ਛੁਟੇ ਜੰਜਾਰਾ ॥੨॥
ਨਾਮੁ ਲੈਤ ਜਮੁ ਨੇੜਿ ਨ ਆਵੈ ॥ ਨਾਮੁ ਲੈਤ ਦਰਗਹ ਸੁਖੁ ਪਾਵੈ ॥
ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥੩॥
ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਅਧਾਰੁ ॥
ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰ ਕਰਮ ਲੋਕਹ ਪਤੀਆਰ॥੪॥੧੨॥੨੫॥(੧੧੪੨)
—ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮੁ ਅਉਖਧੁ ਮਨ ਭੀਤਰਿ ਸਾਰੇ ॥
ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥੨॥ (੧੧੪੮)
—ਸਭ ਤੇ ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥
ਜਿਸੁ ਸਿਮਰਤ ਸਗਲਾ ਦੁਖੁ ਜਾਇ ॥ ਸਰਬ ਸੂਖ ਵਸਹਿ ਮਨਿ ਆਇ ॥੧॥ (੧੧੪੮)
—ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥ ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥
ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ॥ ਪੂਰੇ ਗੁਰ ਕੀ ਪਾਏ ਸੇਵ ॥੧॥
ਸਰਬ ਸੁਖਾ ਪ੍ਰਭ ਤੇਰੋ ਨਾਉ ॥ ਆਠ ਪਹਰ ਮੇਰੇ ਮਨ ਗਾਉ ॥੧॥ਰਹਾਉ॥੪੪॥ (੧੧੪੮)
—ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥ ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ਰਹਾਉ॥
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ ਹਰਿ ਸਿਮਰਤ ਦੈਤ ਦੇਉ ਨ ਪੋਹੈ ॥
ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥
ਹਰਿ ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥੩॥੪੯॥ (੧੧੫੦)

ਉੱਪਰ ਲਿਖੇ ਗੁਰ-ਪਰਮਾਣਾਂ ਤੋਂ ਭਲੀ ਭਾਂਤਿ ਇਹ ਗੱਲ ਸਿੱਧ ਹੋ ਗਈ ਕਿ ਨਾਮ ਜਪਣ ਦੀ ਪਾਰਸ-ਕਮਾਈ ਦੁਆਰਾ ਬਹੁ ਬਹੁ ਭਾਂਤੀ ਫਲ ਸੁਤੇ ਸਹਜ ਹੀ ਪ੍ਰਾਪਤ ਹੋ ਜਾਂਦੇ ਹਨ। ਤਾਂ ਤੇ ਇਹਨਾਂ ਗੁਰ-ਪ੍ਰਮਾਣਾਂ ਤੋਂ ਨਾਮ ਦੀ ਪਾਰਸ-ਕਲਾ ਦਾ ਦ੍ਰਿੜ੍ਹ ਨਿਸਚਾ ਜੇ ਅਜੇ ਭੀ ਗੁਰਸਿੱਖਾਂ ਨੂੰ ਨਾ ਆਵੇ ਤਾਂ ਇਸ ਦਾ ਇਹੀ ਭਾਵ ਕੱਢਣਾ ਪਵੇਗਾ ਕਿ ਅਜਿਹੇ ਗੁਰਸਿੱਖਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰ ਮੰਨਣ ਵਾਲੀ ਸ਼ਰਧਾ-ਭਾਵਨੀ ਨਹੀਂ ਉਪਜੀ। ਜੋ ਗੁਰੂ ਕੇ ਸ਼ਰਧਾਲੂ ਸਿਖ ਹਨ ਤਿਨ੍ਹਾਂ ਨੂੰ ਗੁਰਬਾਣੀ ਸਤਿ ਸਤਿ ਕਰ ਮੰਨਣ ਦੀ ਲਾਜ ਹੈ। ਓਹ ਸ਼ਰਧਾ-ਭਾਵਨੀ ਕਰਿ ਨਾਮ ਜਪਣ ਵਿਚਿ ਜੁਟ ਜਾਂਦੇ ਹਨ; ਪਰ ਜਿਨ੍ਹਾਂ ਨੂੰ ਇਹ ਸ਼ਰਧਾ-ਭਾਵਨੀ ਨਹੀਂ ਆਈ ਸੋ ਨਾਮ ਨਹੀਂ ਜਪਦੇ ਅਤੇ ਤਿਨ੍ਹਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰਿ ਨਾ ਮੰਨਣ ਦੀ ਲਾਜ ਨਹੀਂ ਆਉਂਦੀ। ਅਜਿਹੇ ਲਾਜ ਲਾਉਣ ਵਾਲੇ ਪੁਰਸ਼ਾਂ ਪ੍ਰਤੀ ਗੁਰੂ ਸਾਹਿਬ ਦਾ ਇਹ ਵਾਕ ਹੈ :—

ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥
ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ ॥੧॥
ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥
ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ਰਹਾਉ॥ (੧੧੪੯)

ਇਸ ਵਾਕ ਤੋਂ ਅਤੇ ਪਹਿਲੇ ਵਾਕਾਂ ਤੋਂ, ਸਭ ਤੋਂ ਵੱਡੀ ਗੱਲ ਦਾ ਇਹ ਸਿਧਾਂਤ ਨਿਕਲਦਾ ਹੈ ਕਿ ਨਾਮ ਦੀ ਪਾਰਸ-ਕਲਾ ਦੀ ਬਰਕਤ ਨਾਲਿ ਜਨਮ ਜਨਮ ਦੇ ਰੋਗ ਕਟੇ ਜਾਂਦੇ ਹਨ ਅਤੇ ਜਨਮ ਜਨਮਾਂਤ੍ਰਾਂ ਦੇ


www.AKJ.Org

ਕਮਾਤੇ ਪਾਪ ਧੋਤੇ ਜਾਂਦੇ ਹਨ। ਇਹ ਸਭ ਪਰਤਾਪ ਨਾਮ ਰੂਪੀ ਪਾਰਸ-ਬੂਟੀ ਦਾ ਹੈ ਅਤੇ ਇਹ ਪਾਰਸ-ਬੂਟੀ ਸਤਿਗੁਰ ਨਾਨਕ ਦੇਵ ਜੀ ਸੱਚੇ ਵੈਦ ਗੁਰੂ ਨੇ ਇਸ ਰੋਗੀ ਸੰਸਾਰ ਲਈ ਨਿਰੰਕਾਰ ਦੇ ਧੁਰ ਧਾਮੋਂ ਲਿਆਂਦੀ।

ਤਾਂ ਤੇ ਗੁਰੂ ਨਾਨਕ ਨਿਰੰਕਾਰੀ ਸੱਚਾ ਵੈਦ ਧੰਨ ਹੈ। ਧੰਨ ਬਾਬਾ ਨਾਨਕ ਨਿਰੰਕਾਰੀ ਤੇ ਰੋਗੀ ਸੰਸਾਰੀਆਂ ਦੇ ਸੱਚੇ ਵੈਦ, ਤੂੰ ਧੰਨ ਹੈਂ। ਤੇਰੇ ਬਾਝਹੁ ਰੋਗੀ ਸੰਸਾਰ ਦੇ ਰੋਗ, ਜਨਮ ਜਨਮਾਂਤ੍ਰਾਂ ਦੇ ਰੋਗ ਕਉਣ ਕੱਟੇ। ਤੇ ਗੁਰੂ ਨਾਨਕ ਸੱਚੇ ਵੈਦ! ਧੰਨ ਤੇਰੀ ਨਾਮ-ਅਉਖਧੀ, ਜੋ ਤੈਂ ਸੰਸਾਰੀਆਂ ਦੇ ਰੋਗ ਕੱਟਣ ਲਈ ਧੁਰ ਨਿਰੰਕਾਰ ਦੀ ਦਰਗਾਹੋਂ ਲਿਆਂਦੀ। ਇਸ ਬਿਹੂਣ ਸਾਰਾ ਸੰਸਾਰ ਸੱਚ-ਮੁੱਚ ਰੋਗੀ ਸੀ, ਸੰਸਾਰ ਦੇ ਇਸ ਰੋਗ ਨੂੰ ਅਤੇ ਰੋਗੀਆਂ ਨੂੰ ਕੇਵਲ ਗੁਰੂ ਨਾਨਕ ਨਿਰੰਕਾਰੀ ਸੱਚੇ ਵੈਦ ਨੇ ਹੀ ਦੇਖਿਆ ਪਰਖਿਆ ਅਤੇ ਅਤੀ ਕਰੁਣਾ ਕਰਿ ਰੋਗ-ਗ੍ਰਸਤ ਸੰਸਾਰੀ ਜੀਵਾਂ ਉਤੇ ਤਰਸ ਖਾਧਾ, ਅਤੇ ਜਿਸ ਜਿਸ ਵਡਭਾਗੇ ਜੰਤ ਨੇ ਸੱਚੇ ਵੈਦ ਗੁਰੂ ਨਾਨਕ ਨਿਰੰਕਾਰੀ ਦੀ ਸੱਚੀ ਅਉਖਧੀ ਨੂੰ ਗੁਰ-ਸੰਜਮੀ ਹਦਾਇਤ ਹੁਕਮ ਅੰਦਰਿ ਖਾਧਾ, ਸੋ ਨਿਰਦੋਖ ਹੋ ਗਏ। ਤਿਨ੍ਹਾਂ ਨੂੰ ਬਾਂਹਿ ਪਕੜਿ ਰੋਗ ਰੂਪੀ ਨਰਕ-ਕੁੰਡ ਤੋਂ ਬਾਹਰ ਕਢਿ ਲਿਆ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ :—

ਨਾਨਕ ਹਉਮੈ ਰੋਗ ਬੁਰੇ ॥
ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ਰਹਾਉ॥...
ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿਰੋਗੀ ਰੋਗੀ ਕੁਟੰਬ ਸੰਜੋਗੀ ॥੩॥
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥
ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿਰੋਗਿ ਭਰੇ ॥
ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥
ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥
ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥
ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥
ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥ (੧੧੫੩)
—ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥(੧੧੪੧)
—ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥ (੬੧੭)

ਹਾਂ ਜੀ! ਅੱਜ ਉਸ ਅਰਸ਼ੀ ਵੈਦ ਗੁਰੂ ਬਾਬੇ ਦਾ ਅਵਤਾਰ ਗੁਰਪੁਰਬ ਹੈ, ਜਿਸ ਪ੍ਰਥਾਇ ਸੋਰਠ ਰਾਗ ਵਿਚ ਗੁਰਵਾਕ ਹੈ—"ਮੇਰਾ ਬੈਦੁ ਗੁਰੂ ਗੋਵਿੰਦਾ" ਤੇ ਜਿਸ ਨੇ ਹੇਠਲੇ ਗੁਰਵਾਕ ਅਨੁਸਾਰ ਸੰਸਾਰ ਰੋਗੀ ਨੂੰ ਨਾਮ ਦੀ ਅਉਖਧੀ ਦੇ ਕੇ ਮੁਕਤ ਕੀਤਾ। ਯਥਾ :—

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ਰਹਾਉ॥੩੪॥ (੬੧੮)


www.AKJ.Org

# ਸਤਿਗੁਰੂ ਨਾਨਕ ਦੇਵ ਜੀ ਕੌਣ ?

[ਸੂਬੇਦਾਰ ਧਰਮ ਸਿੰਘ ਜੀ ਸੁੱਜੋਂ, ਲਸਿਸਟਰ ਯੂ. ਕੇ.]

ਇਸ ਲੇਖ ਦਾ ਸਿਰਲੇਖ ਪੜ੍ਹ ਕੇ ਆਪ ਜੀ ਕਹੋਗੇ ਕਿ ਇਹ ਕਿਹੜੀ ਨਵੀਂ ਗੱਲ ਹੈ ਜਾਂ ਇਹ ਕਿਸ ਨੂੰ ਨਹੀਂ ਪਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕੌਣ ਸਨ। ਆਪ ਜੀ ਉਨ੍ਹਾਂ ਦੀ ਜ਼ਿੰਦਗੀ ਦੇ ਤਰਦੇ ਤਰਦੇ ਹਾਲਾਤ ਬਿਆਨ ਕਰ ਕੇ, ਉਨ੍ਹਾਂ ਨੂੰ ਵਡਿਆਉਣ ਦੀ ਖ਼ਾਤਰ ਆਖੋਗੇ ਕਿ ਉਹ ਸਿਖ ਮੱਤ ਦੇ ਬਾਨੀ ਜਾਂ ਪਹਿਲੇ ਗੁਰੂ ਹੋਏ ਹਨ, ਇਸ ਤੋਂ ਵੱਧ ਸ਼ਾਇਦ ਤੁਸੀਂ ਹੋਰ ਕੁਝ ਨਾ ਆਖ ਸਕੋਗੇ।

ਗੁਰਬਾਣੀ ਦਾ ਫ਼ੁਰਮਾਨ ਹੈ ਕਿ "ਜੀਅ ਉਪਾਇ ਜੁਗਤਿ ਹਥਿ ਕੀਨੀ, ਕਾਲੀ ਨਥਿ ਕਿਆ ਵਡਾ ਭਇਆ"। (੩੫੦) ਇਸ ਦਾ ਭਾਵ-ਅਰਥ ਕੁਝ ਇਸ ਤਰ੍ਹਾਂ ਹੈ ਕਿ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੀ ਵਡਿਆਈ ਵਿਚ ਜਦੋਂ ਅਸੀਂ ਇਹ ਆਖਦੇ ਹਾਂ ਕਿ ਉਨ੍ਹਾਂ ਨੇ ਇਕ ਫਨੀਅਰ ਸੱਪ, ਕਾਲੀ ਨਾਗ ਨੂੰ ਮਾਰਿਆ ਸੀ ਤਾਂ ਇਕ ਮਹਾਨ ਬਹਾਦਰ ਯੋਧਾ, ਜਿਸ ਦੀ ਉਂਗਲੀ ਦੇ ਇਸ਼ਾਰੇ ਤੇ ਮਹਾਂ ਭਾਰਤ ਦੀ ਲੜਾਈ ਲੜੀ ਗਈ, ਸਾਰੀ ਲੜਾਈ ਦੇ ਸਮੇਂ ਵਿਚ ਅਰਜੁਨ ਦਾ ਸਾਥ ਦਿਤਾ, ਉਸ ਬਹਾਦਰ ਯੋਧੇ ਨੂੰ ਇਕ ਸੱਪ ਮਾਰਨ ਵਾਲਾ ਆਖਣ ਵਿਚ, ਕਿਆ ਕੋਈ ਵਡਿਆਈ ਹੈ ? ਠੀਕ ਇਸੀ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਨੂੰ, ਦੁਨੀਆ ਦੇ ਨਕਸ਼ੇ ਵਿਚ, ਇਕ ਛੋਟੇ ਜਿਹੇ ਦੇਸ਼ ਪੰਜਾਬ ਵਿਚ, ਦੇਸ਼ ਦੀ ਇਕ ਬਹੁਤ ਹੀ ਛੋਟੀ ਘੱਟ-ਗਿਣਤੀ ਦੀ ਸਿੱਖ ਕੌਮ, ਜੋ ਮੁਲਕ ਦੀ ਸਿਰਫ ਡੇਢ ਫ਼ੀ ਸਦੀ ਆਬਾਦੀ ਹੈ, ਦਾ ਮੋਢੀ ਆਖਣ ਵਿਚ ਕਿਹੜੀ ਵਡਿਆਈ ਹੈ, ਜਦੋਂ ਕਿ ਹਿੰਦੂ, ਮੁਸਲਿਮ ਤੇ ਈਸਾਈ, ਮਹਾਨ ਆਬਾਦੀ ਵਾਲੇ ਮੱਤ ਦੁਨੀਆ ਵਿਚ ਪਹਿਲਾਂ ਹੀ ਮੌਜੂਦ ਸਨ ਤਾਂ ਇਨ੍ਹਾਂ ਵੱਡੀ ਆਬਾਦੀ ਵਾਲੇ ਮੱਤਾਂ ਦੇ ਮੁਕਾਬਲੇ ਵਿਚ ਹਿੰਦੁਸਤਾਨ ਦੀ ਸਿਰਫ਼ ਡੇਢ ਫ਼ੀ ਸਦੀ ਕੌਮ ਦਾ ਆਗੂ ਬਣਾ ਕੇ ਅਸੀਂ ਕੱਦੂ ਵਿਚ ਤੀਰ ਮਾਰਨ ਵਾਲੀ ਗੱਲ ਹੀ ਕਰਦੇ ਹਾਂ।

ਤੁਸੀਂ ਆਖੋਗੇ ਕਿ ਫਿਰ ਗੁਰੂ ਨਾਨਕ ਦੇਵ ਜੀ ਕੌਣ ਸਨ ? ਆਓ ਵਾਕਿਆਤ ਦੀ ਰੌਸ਼ਨੀ ਵਿਚ ਉਨ੍ਹਾਂ ਨੂੰ ਸਮਝਣ ਦਾ ਕੁਝ ਯਤਨ ਕਰੀਏ—

ਇਕ ਬੰਗਾਲੀ ਮਹਾਤਮਾ ਸਵਾਮੀ ਨਿਤਿਆ ਨੰਦ ਜੀ ਹੋਏ ਹਨ, ਜਿਨ੍ਹਾਂ ਇਕ ਪੁਸਤਕ 'ਗੁਰੂ ਗਿਆਨ' ਨਾਮੇ ੧੩੫ ਸਾਲ ਦੀ ਉਮਰ ਵਿਚ ਲਿਖੀ। ਪੁਸਤਕ ਦੀ ਭੂਮਿਕਾ ਵਿਚ 'ਆਪਨੀ ਬਾਤ' ਦੇ ਸਿਰਲੇਖ ਹੇਠ ਆਪਣੇ ਬਾਰੇ ਜੋ ਕੁਝ ਲਿਖਦੇ ਹਨ, ਉਸ ਦਾ ਸਾਰ-ਅੰਸ਼ ਇਸ ਪ੍ਰਕਾਰ ਹੈ ਕਿ ਓਹ ਬਹੁਤ ਹੀ ਛੋਟੀ ਉਮਰ ਵਿਚ ਇਕ ਮਹਾਨ ਵਿਦਵਾਨ ਤੇ ਯੋਗੀ, ਸਵਾਮੀ ਬ੍ਰਹਮਾ ਨੰਦ ਜੀ ਦੇ ਸੰਪਰਕ ਵਿਚ ਆਏ। ਉਨ੍ਹਾਂ ਪਾਸੋਂ ਵਿਦਿਆ ਭੀ ਪ੍ਰਾਪਤ ਕੀਤੀ ਤੇ ਯੋਗ ਦੀ ਸਿਖਿਆ ਭੀ। ਉਨ੍ਹਾਂ ਦੇ ਸੰਗ ਸਾਥ ਹੀ, ਪੂਰੇ ਦੇਸ਼ ਦਾ ਭਰਮਣ ਕਰਦੇ ਹੋਏ, ਅਛੇ ਅਛੇ ਮਹਾਨ ਆਤਮਾਵਾਂ ਦੇ ਦਰਸ਼ਨ ਤੇ ਉਨ੍ਹਾਂ ਨਾਲ ਗਿਆਨ-ਚਰਚਾ ਹੁੰਦੀ ਭੀ ਸੁਣੀ। ਭਰਮਣ ਕਰਦੇ ਹੋਏ ਜਦੋਂ ਉਹ ਪੰਜਾਬ ਆਏ ਤਾਂ ਇਕ ਮਹਾਤਮਾ ਪਾਸੋਂ, ਗੁਰੂ ਨਾਨਕ ਤੇ ਸਿੱਖੀ ਬਾਰੇ ਵਾਕਫ਼ੀਅਤ ਹਾਸਲ ਕੀਤੀ। ਸਿੱਖ ਮੱਤ ਦਾ ਪ੍ਰਭਾਵ ਉਨ੍ਹਾਂ ਦੇ ਗੁਰੂ ਬ੍ਰਹਮਾਨੰਦ ਜੀ ਤੇ ਐਸਾ ਪਿਆ ਕਿ ਉਹ ਉਸੇ ਦਿਨ ਤੋਂ ਸਿੱਖ ਮੱਤ ਦੇ ਸ਼ੈਦਾਈ ਹੋ ਕੇ ਹੀ ਰਹਿ ਗਏ। ਵਾਪਸੀ ਤੇ ਇਕ ਦਿਨ ਹਰਦਵਾਰ ਵਿਖੇ ਬੈਠੇ ਸਨ ਕਿ ਅਚਾਨਕ ਬ੍ਰਹਮਾਨੰਦ ਜੀ ਦੇ ਚੇਹਰੇ ਤੇ ਉਦਾਸੀ ਛਾ ਗਈ ਤੇ ਅੱਖਾਂ ਵਿਚੋਂ ਅੱਥਰੂ ਵਗ ਤੁਰੇ। ਸਵਾਮੀ ਨਿਤਿਆ ਨੰਦ ਜੀ ਲਿਖਦੇ ਹਨ ਕਿ ਉਨ੍ਹਾਂ ਨੇ ਜ਼ਿੰਦਗੀ ਵਿਚ ਐਸਾ ਦ੍ਰਿਸ਼ ਪਹਿਲੀ ਵਾਰ ਹੀ ਦੇਖਿਆ ਸੀ। ਰੋਣਾ ਤਾਂ ਇਕ ਪਾਸੇ ਰਿਹਾ, ਬ੍ਰਹਮਾਨੰਦ ਜੀ ਕਦੇ ਉਦਾਸ ਹੋਏ ਭੀ ਨਹੀਂ ਦੇਖੇ ਸਨ। ਉਨ੍ਹਾਂ ਤੋਂ ਇਸ ਉਦਾਸੀ ਦਾ ਕਾਰਨ ਪੁਛਿਆ ਤਾਂ ਬ੍ਰਹਮਾਨੰਦ ਜੀ ਨੇ ਜੋ ਉਤਰ ਦਿਤਾ, ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਇਸ ਪ੍ਰਕਾਰ ਹੈ, "**(ਪੌਣੇ ਦੋ ਸੌ ਸਾਲ) ਆਯੂ ਭਰ ਰੇਤ ਛਾਨਾ ਕੀ, ਤੱਤ ਵਸਤੂ ਗੁਰੂ ਘਰ ਮੇਂ ਥੀ। ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ, ਤਬ ਕਲਿਆਨ ਹੋਗੀ।**" ਇਤਨਾ ਕਹਿ ਕੇ ਆਪ ਨੇ ਸਰੀਰ ਤਿਆਗ ਦਿਤਾ। ਅਗੇ ਉਨ੍ਹਾਂ ਦੇ



www.AKJ.Org

ਆਪਣੇ ਲਫਜ਼ਾਂ ਵਿਚ—"ਗੁਰੂ ਮਾਰਗ ਪੂਰਨ ਹੈ, ਵਾਹਿਗੁਰੂ ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ, ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਿਆ ਅੰਮ੍ਰਿਤ ਹੈ, **ਗੁਰੂ-ਬਾਣੀ ਸੇ ਬੜ੍ਹ ਕਰ ਕਲਿਆਨਕਾਰੀ ਕੋਈ ਔਰ ਬਾਣੀ ਨਹੀਂ ਹੈ।** ਯੋਗੀ ਜੀ ਨੇ ਆਂਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤੱਵ ਹੈ। **ਜੋ ਸਿੱਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ-ਜਾਪ ਸੇ ਸਹਜ ਮੇਂ ਹੋ ਜਾਤੀ ਹੈ ਵੁਹ ਕਠਨ ਸਾਧਨ ਕਰਨੇ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ। ਯਹ ਸਤ੍ਯ ਹੈ, ਪ੍ਰੀਖਿਆ ਕੀਆ ਹੂਆ ਸਤ੍ਯ ਹੈ ਔਰ ਨਿਰ-ਵਿਵਾਦ ਸਤ੍ਯ ਹੈ।**"

ਇਹ ਬਿਆਨ ਕੋਈ ਕਿਤਾਬੀ ਕੀੜਿਆਂ, ਭਾਵ, ਸਿਰਫ ਵਿਦਵਾਨਾਂ ਦਾ ਹੀ ਨਹੀਂ ਹੈ, ਬਲਕਿ ਦੋ ਉਮਰ-ਰਸੀਦਾ ਯੋਗੀਆਂ ਦਾ ਜ਼ਾਤੀ ਤਜਰਬਾ ਹੈ, ਉਨ੍ਹਾਂ ਦਾ ਇਹ ਜ਼ਾਤੀ ਤਜਰਬਾ **ਖਾਸ ਧਿਆਨ** ਦੀ ਮੰਗ ਕਰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਸੰਤੋਖਸਰ ਸਰੋਵਰ ਦੀ ਸੇਵਾ ਕਰਵਾ ਰਹੇ ਸਨ, ਸਰੋਵਰ ਦੀ ਪੁਟਵਾਈ ਕਰਦਿਆਂ ਥੱਲੇ ਤੋਂ ਇਕ ਮਠ ਨਿਕਲਿਆ। ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਇਕ ਯੋਗੀ ਸਮਾਧੀ ਲਾਈ ਬੈਠਾ ਸੀ। ਉਸ ਨੂੰ ਬਾਹਰ ਕਢ, ਹੱਥਾਂ ਪੈਰਾਂ ਦੀ ਮਾਲਸ਼ ਕਰ, ਸਰੀਰ ਨੂੰ ਨਿਘਾ ਕੀਤਾ। ਯੋਗੀ ਜੀ ਨੇ ਅੱਖਾਂ ਖੋਲ੍ਹੀਆਂ। ਸਾਹਮਣੇ ਬਾਬਾ ਬੁੱਢਾ ਜੀ, ਇਕ ਪਾਸੇ ਪੰਚਮ ਪਾਤਸ਼ਾਹ ਤੇ ਦੂਸਰੇ ਪਾਸੇ ਭਾਈ ਗੁਰਦਾਸ ਜੀ ਖੜੇ ਸਨ। ਯੋਗੀ ਨੇ ਪੰਚਮ ਪਾਤਸ਼ਾਹ ਵਲ ਇਸ਼ਾਰਾ ਕਰ, ਬਾਬਾ ਬੁਢਾ ਜੀ ਤੋਂ ਪੁਛਿਆ ਕਿ ਇਹ ਮਹਾਂ ਪੁਰਸ਼ ਕੌਣ ਹਨ। ਬਾਬਾ ਬੁਢਾ ਜੀ ਨੇ ਆਖਿਆ ਕਿ ਇਹ ਪੰਜਵੇਂ ਗੁਰੂ ਨਾਨਕ, ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਯੋਗੀ ਜੀ ਨੇ ਪੰਚਮ ਪਾਤਸ਼ਾਹ ਦੇ ਚਰਨ ਛੋਹੇ ਤੇ ਬੋਲਿਆ ਕਿ ਮੈਂ **ਦੁਆਪਰ ਯੁਗ** ਤੋਂ ਆਪ ਜੀ ਦੀ ਉਡੀਕ ਵਿਚ ਬੈਠਾ ਹਾਂ। ਹੁਣ ਆਪ ਜੀ ਨੇ ਕਿਰਪਾ ਕਰ ਦਰਸ਼ਨ ਦਿਤੇ ਹਨ ਤਾਂ ਹੋਰ ਕਿਰਪਾ ਕਰੋ, ਦਾਸ ਦਾ ਉਧਾਰ ਭੀ ਕਰੋ। ਪੰਚਮ-ਪਾਤਸ਼ਾਹ ਜੀ ਨੇ ਯੋਗੀ ਨੂੰ ਅੰਮ੍ਰਿਤ (ਚਰਨ ਪਾਹੁਲ) ਪਾਨ ਕਰਾ ਉਸ ਦਾ ਉਧਾਰ ਕੀਤਾ। ਇਸ ਉਪਰੰਤ ਯੋਗੀ ਜੀ ਉਸੀ ਮਠ ਵਿਚ ਬੈਠ, ਸਮਾਧੀ ਲਾ ਪ੍ਰਾਣ ਤਿਆਗ ਗਏ। ਯੋਗੀ ਜੀ ਦਾ ਨਾਮ 'ਸੰਤੋਖ' ਰਿਸ਼ੀ ਸੀ। ਪੰਚਮ-ਪਾਤਸ਼ਾਹ ਨੇ, ਰਿਸ਼ੀ ਦੇ ਨਾਮ ਤੇ ਹੀ ਇਸ ਸਰੋਵਰ ਦਾ ਨਾਮ 'ਸੰਤੋਖ ਸਰ' ਰਖਿਆ।

ਵਿਚਾਰ ਅਧੀਨ ਨੁਕਤਾ ਇਹ ਹੈ ਕਿ ਜੋਤਸ਼ ਅਨੁਸਾਰ ਦੁਆਪਰ ਯੁਗ ਦੀ ਉਮਰ ੧੨ ਲਖ ੯੬ ਹਜ਼ਾਰ ਸਾਲ ਹੈ। ਉਸ ਦੇ ਪਿਛੋਂ ਕਲਯੁਗ ਸ਼ੁਰੂ ਹੋਇਆ, ਜੋ ਹਾਲੇ ੬੦੦੦ ਸਾਲ ਤੋਂ ਭੀ ਘਟ ਉਮਰ ਦਾ ਹੈ। ਇਹ ਤਾਂ ਪਤਾ ਨਹੀਂ ਕਿ ਯੋਗੀ ਦੁਆਪਰ ਦੇ ਕਿਹੜੇ ਹਿਸੇ ਵਿਚ ਬੈਠਾ ਸੀ। ਪਰ ਜੇ ਅੱਧ-ਪਚੱਧ ਵਿਚ ਭੀ ਬੈਠਾ ਹੋਵੇ ਤਾਂ ਭੀ ਕੋਈ ੬-੭ ਲਖ ਸਾਲ ਤਾਂ ਉਸ ਨੇ ਪੰਚਮ-ਪਾਤਸ਼ਾਹ ਦੀ ਉਡੀਕ ਕੀਤੀ। ਕਿਉਂ? ਕਿਆ ਇਤਨੇ ਲੰਮੇ ਸਮੇਂ ਵਿਚ ਕੋਈ ਮਹਾਂ ਪੁਰਸ਼ ਉਸ ਨੂੰ ਉਧਾਰ ਕਰ ਸਕਣ ਵਾਲਾ ਨਾ ਮਿਲ ਸਕਿਆ?

ਪੰਚਮ ਪਾਤਸ਼ਾਹ ਦੀ ਸੇਵਾ ਵਿਚ ਕੁਝ ਭੱਟ ਹਾਜ਼ਰ ਹੋਏ। ਮਹਾਪੁਰਸ਼ਾਂ ਦਾ ਕਥਨ ਹੈ ਕਿ ਇਹ ਸਾਰੇ ਹੀ ਭੱਟ ਪਹਿਲੇ ਸਮਿਆਂ ਦੇ ਦੇਵੀ ਦੇਵਤੇ ਜਾਂ ਮਹਾਨ ਯੋਗੀ ਸਨ, ਜਿਨ੍ਹਾਂ ਨੇ ਆਪਣੇ ਉਧਾਰ ਨਿਸਤਾਰੇ ਦੀ ਖ਼ਾਤਰ, ਇਨਸਾਨੀ ਜਾਮੇ ਵਿਚ ਜਨਮ ਲਿਆ ਤੇ ਉਧਾਰ ਲਈ ਪੰਚਮ-ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਏ। ਇਨ੍ਹਾਂ ਵਿਚੋਂ ਇਕ ਭੱਟ ਦਾ ਨਾਮ ਭਿਖਾ ਜੀ ਹੈ, ਜੋ ਬ੍ਰਹਮਾ ਦਾ ਅਵਤਾਰ ਸੀ। ਭਿਖਾ ਜੀ ਨੇ ਆਪਣੀ ਬਾਣੀ ਵਿਚ ਆਖਿਆ ਹੈ ਕਿ ਉਹ ਆਪਣੇ ਉਧਾਰ ਲਈ, ਇਕ ਸਾਲ ਤੋਂ ਗੁਰੂ ਦੀ ਭਾਲ ਵਿਚ ਸੀ—"ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ" (ਪੰਨਾ ੧੩੯੫)। ਤੁਸੀਂ ਆਪ ਹੀ ਸੋਚੋ ਕਿ ਜਦੋਂ ਬ੍ਰਹਮਾ ਵਰਗੇ ਵਡੇ ਦੇਵਤਿਆਂ ਦਾ ਉਧਾਰ ਭੀ ਗੁਰੂ ਨਾਨਕ ਦੇ ਦਰ ਤੇ ਆ ਕੇ ਹੀ ਹੋਇਆ ਤਾਂ ਦਾਸ ਦਾ ਇਹ ਸਵਾਲ ਠੀਕ ਹੀ ਜਾਪਦਾ ਹੈ ਕਿ ਗੁਰੂ ਨਾਨਕ ਦੇਵ ਜੀ ਕੌਣ? ਜਿਸ ਤੋਂ ਬਗੈਰ ਉਧਾਰ ਨਿਸਤਾਰਾ ਮੁਮਕਿਨ ਨਹੀਂ ਹੈ।

ਸੰਨ ੧੯੬੨ ਦੀ ਗੱਲ ਹੈ ਕਿ ਦਾਸ ਦੇ ਇਕ ਪਿਆਰੇ ਬਰਖ਼ੁਰਦਾਰ ਤ੍ਰਿਲੋਚਨ ਸਿੰਘ ਨੇ, ਜੋ ਉਨ੍ਹਾਂ ਦਿਨਾਂ ਵਿਚ ਲੁਧਿਆਣੇ ਰਹਿੰਦਾ ਸੀ, ਉਥੇ ਬੀਤੀ ਹੇਠ ਲਿਖੀ ਵਾਰਤਾ ਸੁਣਾਈ। ਗੁਰਦੁਆਰਾ ਕਲਗੀਧਰ ਜੀ ਦੇ ਪਾਸ ਇਕ ਭਾਈ ਪ੍ਰੀਤਮ ਸਿੰਘ ਜੀ ਰਹਿੰਦੇ ਸਨ। ਉਨ੍ਹਾਂ ਦੇ ਘਰ ਬੱਚਾ ਹੋਣ ਵਾਲਾ ਸੀ। ਡਾਕਟਰਾਂ ਦੇ

ਵਾਹ ਲਾਉਣ ਤੇ ਭੀ ਬੱਚੇ ਦਾ ਜਨਮ ਨਾ ਹੋਇਆਂ। ਸਿੰਘਣੀ ਅੰਤਲੇ ਸਾਹਾਂ ਤੇ ਅਪੜ ਗਈ। ਭਾਈ ਪ੍ਰੀਤਮ ਸਿੰਘ ਨੇ ਨਿਰਾਸ਼ ਹੋ ਕੇ ਮਾਡਲ ਟਾਊਨ ਭਾਈ ਰਣਧੀਰ ਸਿੰਘ ਜੀ ਪਾਸ ਹਾਜ਼ਰ ਹੋ ਆਪਣੀ ਵਿੱਥਿਆ ਸੁਣਾਈ। ਭਾਈ ਸਾਹਿਬ ਨੇ ਪੰਚਾਂ ਦੀ ਸੇਵਾ ਵਿਚ ਹਾਜ਼ਰ ਹੋ ਬੇਨਤੀ ਕਰਨ ਦੀ ਸਲਾਹ ਦਿਤੀ। ਪੰਜਾਂ ਪਿਆਰਿਆਂ ਦਾ ਇਕੱਠ ਹੋਇਆ, ਪੰਚਾਂ ਨੇ ਭਾਈ ਪ੍ਰੀਤਮ ਸਿੰਘ ਨੂੰ ਹੁਕਮ ਲਾਇਆ ਕਿ ਬੱਚੇ ਦੀ ਪੈਦਾਇਸ਼ ਤੋਂ ਪਿਛੋਂ ਜਿਹੜਾ ਭੀ ਪਹਿਲਾ ਅੰਮ੍ਰਿਤ ਸਮਾਗਮ ਹੋਵੇ, ਬੱਚੇ ਨੂੰ ਅੰਮ੍ਰਿਤ ਛਕਾਇਆ ਜਾਵੇ। ਅਰਦਾਸ ਹੋਈ। ਇਧਰ ਅਰਦਾਸ ਹੋਈ ਉਧਰ ਹਸਪਤਾਲ ਵਿਚ ਬੱਚੇ ਨੇ ਜਨਮ ਲੈ ਲਿਆ। ਜਦੋਂ ਪਹਿਲਾ ਅੰਮ੍ਰਿਤ-ਸਮਾਗਮ ਆਇਆ, ਬੱਚੇ ਨੂੰ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਾਉਣ ਤੋਂ ਤੀਸਰੇ ਦਿਨ ਪਿਛੋਂ ਬੱਚਾ ਚੜ੍ਹਾਈ ਕਰ ਗਿਆ। ਬੱਚੇ ਦਾ ਸਸਕਾਰ ਕੀਤਾ। ਅੰਗੀਠੇ ਦੀ ਰਾਖ ਲੈ, ਭਾਈ ਪ੍ਰੀਤਮ ਸਿੰਘ ਫਲੌਰ ਲਾਗੇ ਦਰਿਆ ਸਤਲੁਜ ਵਿਚ ਜਲ-ਪਰਵਾਹ ਕਰਨ ਗਿਆ। ਜਦੋਂ ਰਾਖ ਪਾਣੀ ਵ੍ਰਿਚ ਸੁੱਟੀ ਤਾਂ ਆਵਾਜ਼ ਆਈ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ। ਸਾਡਾ ਤੁਹਾਡਾ ਇਤਨਾ ਹੀ ਸਾਥ ਸੀ—ਚਲਦੇ ਹਾਂ।" ਭਾਈ ਜੀ ਨੇ ਚਾਰ ਚੌਫੇਰੇ ਦੇਖਿਆ, ਪਰ ਓਥੇ ਬੋਲਣ ਵਾਲਾ ਕੋਈ ਭੀ ਨਜ਼ਰ ਨਾ ਆਇਆ। ਹੈਰਾਨ ਹੋ ਭਾਈ ਪ੍ਰੀਤਮ ਸਿੰਘ ਜੀ ਬੋਲੇ, "ਤੁਸੀਂ ਕੌਣ ਹੋ ? ਮੇਰਾ ਤੁਹਾਡਾ ਕਾਹਦਾ ਸਾਥ ਸੀ ? ਤੇ ਹੁਣ ਤੁਸੀਂ ਕਿਥੇ ਚਲੇ ਹੋ ?" ਆਵਾਜ਼ ਆਈ ਕਿ "ਮੈਂ ਓਹ ਹੀ ਬੱਚਾ ਹਾਂ ਜਿਸ ਨੇ ਤੁਹਾਡੇ ਘਰ ਜਨਮ ਲਿਆ ਸੀ। ਮੈਂ ਪਿਛਲੇ ਜਨਮ ਦਾ ਇਕ ਤਪੱਸਵੀ ਸੀ। ਮੈਂ ਕਰਮ ਖੰਡ ਤਕ ਤਾਂ ਪਹੁੰਚਿਆ, ਪਰ ਅੰਮ੍ਰਿਤ ਦੀ ਦਾਤਿ ਤੋਂ ਬਗੈਰ ਸੱਚਖੰਡ ਪ੍ਰਵੇਸ਼ ਨਹੀਂ ਹੋ ਸਕਦਾ। ਸੋ ਮੈਂ ਆਪਣੀ ਯੋਗ ਸ਼ਕਤੀ ਨਾਲ ਹੀ ਜਨਮ ਹੋਣ ਵਿਚ ਦੇਰ ਕੀਤੀ, ਤਾਂ ਜੁ ਤੁਸੀਂ ਮਜਬੂਰ ਹੋ ਪੰਚਾਂ ਦੀ ਸੇਵਾ ਵਿਚ ਪੇਸ਼ ਹੋਵੋ, ਤਾਂ ਜੋ ਮੈਨੂੰ ਛੇਤੀ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋ ਸਕੇ। ਸੋ ਹੁਣ ਅੰਮ੍ਰਿਤ ਪ੍ਰਾਪਤ ਹੋ ਗਿਆ ਹੈ। ਇਸ ਦੁਨੀਆ ਵਿਚ ਠਹਿਰਨ ਦਾ ਕੋਈ ਕਾਰਨ ਨਹੀਂ, ਇਸ ਲਈ ਹੁਣ ਸੱਚਖੰਡ ਪਇਆਨੇ ਕਰ ਚੱਲੇ ਹਾਂ।

ਇਸ ਵਾਕਿਆ ਨੂੰ ਉਪਰ ਦਿਤੇ ਸਵਾਮੀ ਬ੍ਰਹਮਾ ਨੰਦ ਜੀ ਦੀ ਕਹਾਣੀ ਨਾਲ ਜੋੜ ਕੇ ਦੇਖਦੇ ਹਾਂ ਤਾਂ ਸਮਝ ਆਉਂਦੀ ਹੈ ਕਿ ਅੰਮ੍ਰਿਤ ਦੇ ਮੁਤਲਾਸ਼ੀਆਂ ਨੂੰ ਅੰਮ੍ਰਿਤ ਪ੍ਰਾਪਤ ਕਰਨ ਲਈ ਕਿਤਨੀਆਂ ਘਾਲਾਂ ਘਾਲਣੀਆਂ ਪੈਂਦੀਆਂ ਹਨ। ਅਸੀਂ ਹਾਂ ਕਿ ਸਾਨੂੰ ਬਹੁਤ ਹੀ ਸਸਤੇ ਭਾ ਅੰਮ੍ਰਿਤ ਦੀ ਪ੍ਰਾਪਤੀ ਹੋ ਗਈ ਹੈ ਤੇ ਅਸੀਂ ਇਸ ਦੀ ਸੰਭਾਲ ਲਈ ਕੋਈ ਗਹੁ ਨਹੀਂ ਕਰਦੇ।

ਦਾਸ ਦੇ ਗ੍ਰਿਹਿ ਪਿੰਡ ਸੁੱਜੋਂ ਜ਼ਿਲਾ ਜਲੰਧਰ ਵਿਚ ਸੰਨ ੧੯੬੪ ਵਿਚ ਅਖੰਡ ਪਾਠ ਸਮਾਗਮ ਸੀ, ਜਿਸ ਵਿਚ ਕਈ ਉਚ ਕੋਟੀ ਦੇ ਨਾਮ-ਅਭਿਆਸੀ ਸੱਜਣਾਂ ਨੇ ਦਰਸ਼ਨ ਦਿਤੇ ਸਨ। ਉਨ੍ਹਾਂ ਵਿਚ ਇਕ ਗਿਆਨੀ ਦਲੀਪ ਸਿੰਘ ਜੀ ਲੁਧਿਆਣਾ ਭੀ ਸਨ। ਦਾਸ ਨੇ ਉਪਰ ਲਿਖੇ ਭਾਈ ਪ੍ਰੀਤਮ ਸਿੰਘ ਦੇ ਵਾਕਿਆ ਬਾਰੇ ਪੁਛਿਆ ਕਿ ਇਹ ਕਿਤਨਾ ਕੁ ਸੱਚਾ ਹੈ। ਉਨ੍ਹਾਂ ਉਤਰ ਦਿਤਾ ਕਿ ਲੁਧਿਆਣਾ ਕਾਫੀ ਬੜਾ ਸ਼ਹਿਰ ਹੈ, ਇਸ ਦੇ ਹਰ ਵਾਕਿਆ ਦਾ ਪਤਾ ਲਗਣਾ ਮੁਸ਼ਕਿਲ ਗੱਲ ਹੈ। ਸਾਨੂੰ ਇਸ ਘਟਨਾ ਦਾ ਤਾਂ ਪਤਾ ਨਹੀਂ, ਪਰ ਜੋ ਕੁਝ ਹੋਇਆ ਦਸਦੇ ਹੋ, ਇਸਦਾ ਸਿਧਾਂਤ ਦਰੁਸਤ ਹੈ। ਦਾਸ ਨੇ ਆਖਿਆ ਕਿ ਸਿਧਾਂਤ ਕਿਆ ਹੈ ? ਇਸਨੂੰ ਜ਼ਰਾ ਵਿਸਥਾਰ ਨਾਲ ਦਸਣ ਦੀ ਕਿਰਪਾ ਕਰੋ।

ਗਿਆਨੀ ਜੀ ਨੇ ਆਖਿਆ ਕਿ ਜਗਰਾਉਂ ਦੇ ਪਾਸ ਇਕ ਪਿੰਡ ਹੈ। (ਦਾਸ ਨੂੰ ਪਿੰਡ ਦਾ ਨਾਮ ਭੁਲ ਗਿਆ ਹੈ) ਉਥੇ ਨਾਮ-ਰਸੀਏ ਭਾਈ ਗੁਰਬਚਨ ਸਿੰਘ ਜੀ ਰਹਿੰਦੇ ਹਨ। ਉਨ੍ਹਾਂ ਦੇ ਘਰ ਜੋ ਭੀ ਬੱਚਾ ਆਇਆ, ਦੋ ਤਿੰਨ ਸਾਲ ਦਾ ਹੋ ਕੇ ਚੜ੍ਹਾਈ ਕਰ ਜਾਇਆ ਕਰੇ। ਇਕ ਵਾਰ ਕੁਝ ਸਿੰਘਾਂ ਨੇ ਭਾਈ ਸਾਹਿਬ ਨੂੰ ਪੁਛਿਆ ਕਿ ਭਾਈ ਸਾਹਿਬ ਜੀ, ਜਦੋਂ ਤੁਹਾਡੇ ਵਰਗੇ ਨਾਮ ਅਭਿਆਸੀ ਸੱਜਣਾਂ ਦੇ ਬੱਚੇ ਨਹੀਂ ਬਚਦੇ ਤਾਂ ਸਾਡੇ ਵਰਗੇ ਆਮ ਲੋਕਾਂ ਦਾ ਕਿਆ ਹਾਲ ਹੋਵੇਗਾ ? ਉਸ ਵਕਤ ਭਾਈ ਗੁਰਬਚਨ ਸਿੰਘ ਜੀ ਦੀ ਸਿੰਘਣੀ, ਜਿਸ ਦੀ ਗੋਦੀ ਇਕ ਛੋਟੀ ਜਿਹੀ ਬੱਚੀ ਸੀ, ਪਾਸ ਹੀ ਬੈਠੀ ਸੀ। ਭਾਈ ਸਾਹਿਬ ਨੇ ਦਸਿਆ ਕਿ ਸਾਡੇ ਗ੍ਰਿਹਿ ਵਿਖੇ ਜੋ


www.AKJ.Org

ਬੱਚੇ ਭੀ ਆਏ, ਓਹ ਸਾਰੇ ਹੀ ਪਿਛਲੇ ਜਨਮ ਦੇ ਸਾਧੂ ਮਹਾਤਮਾ ਜਾਂ ਦੇਵੀ ਦੇਵਤੇ ਸਨ। (ਭਾਈ ਸਾਹਿਬ ਦਿਬ-ਦ੍ਰਿਸ਼ਟੀ ਦੇ ਮਾਲਕ ਸਨ)। ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨ ਆਉਂਦੇ ਰਹੇ, ਜਦੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋ ਜਾਂਦੀ, ਓਹ ਚੜ੍ਹਾਈ ਕਰ ਜਾਂਦੇ ਰਹੇ। ਇਹ ਗੱਲ ਸੁਣ ਕੇ ਬੀਬੀ ਜੀ ਨੇ ਮਨ ਹੀ ਮਨ ਵਿਚ ਇਹ ਫ਼ੈਸਲਾ ਕਰ ਲਿਆ ਕਿ ਮੈਂ ਇਸ ਬੱਚੀ ਨੂੰ ਅੰਮ੍ਰਿਤ ਹੀ ਨਹੀਂ ਛਕਾਵਾਂਗੀ, ਤਾਂ ਜੁ ਘਟੋ ਘਟ ਇਕ ਬੱਚਾ ਤਾਂ ਮੇਰੇ ਪਾਸ ਰਹਿ ਸਕੇ। ਭਾਈ ਸਾਹਿਬ ਬੱਚੀ ਨੂੰ ਅੰਮ੍ਰਿਤ ਛਕਾਉਣ ਦੀ ਗੱਲ ਕਰਦੇ, ਬੀਬੀ ਜੀ ਕੋਈ ਨਾ ਕੋਈ ਬਹਾਨਾ ਬਣਾ ਕੇ ਟਾਲ ਦਿੰਦੇ ਰਹੇ। ਸਮਾਂ ਗੁਜ਼ਰਦਾ ਗਿਆ, ਬੱਚੀ ਜਵਾਨ ਹੋ ਗਈ। ਸ਼ਾਦੀ ਦਾ ਪਰਬੰਧ ਹੋ ਗਿਆ। ਭਾਈ ਸਾਹਿਬ ਨੇ ਬੱਚੀ ਨੂੰ ਅੰਮ੍ਰਿਤ ਛਕਾਉਣ ਦੀ ਗੱਲ ਕੀਤੀ—ਕਿਉਂਕਿ ਮਰਯਾਦਾ ਅਨੁਸਾਰ ਸ਼ਾਦੀ ਤੋਂ ਪਹਿਲਾਂ, ਬੱਚੇ ਬੱਚੀ ਨੂੰ ਅੰਮ੍ਰਿਤ-ਧਾਰੀ ਹੋਣਾ ਜ਼ਰੂਰੀ ਹੈ। ਹੁਣ ਬੀਬੀ ਦੀ ਮਾਤਾ ਭੀ ਗੱਲ ਨੂੰ ਟਾਲ ਨਾ ਸਕੀ। ਬੱਚੀ ਨੂੰ ਅੰਮ੍ਰਿਤ ਪਾਨ ਕਰਾਇਆ ਗਿਆ। ਕੁਝ ਦਿਨਾਂ ਪਿਛੋਂ ਬੱਚੀ ਸ਼ਾਦੀ ਦੀ ਧੂਮ-ਧਾਮ ਵਿਚੇ ਹੀ ਛਡ ਕੇ ਗੁਰਪੁਰੀ ਪਇਆਨੇ ਕਰ ਗਈ।

ਭਾਈ ਸਾਹਿਬ ਰਣਧੀਰ ਸਿੰਘ ਜੀ ਗਰਮੀਆਂ ਕਟਣ ਲਈ, ਸ਼ਿਮਲਾ ਹਿਲਜ਼ ਵਿਖੇ ਡਗਸ਼ਈ ਜਾਇਆ ਕਰਦੇ ਸਨ। ਇਕ ਵਾਰ ਡਗਸ਼ਈ ਗਇਆਂ ਹੋਇਆਂ ਉਨ੍ਹਾਂ ਦਾ ਸੋਲ੍ਹਾਂ ਸਾਲਾਂ ਦਾ ਪੋਤਰਾ ਅਬਨਾਸ਼ੀ ਵੀਰ ਸਿੰਘ ਚੜ੍ਹਾਈ ਕਰ ਗਿਆ। ਭਾਈ ਸਾਹਿਬ ਨੇ ਉਸ ਦੇ ਸਸਕਾਰ ਦਾ ਪਰਬੰਧ ਇਕ ਸੁੰਦਰ ਸ਼ਿਲਾ ਤੇ ਕੀਤਾ। ਡਗਸ਼ਈ ਦੀਆਂ ਪਹਾੜੀਆਂ ਵਿਚੋਂ ਇਕ ਬਜ਼ੁਰਗ, ਭਾਈ ਸਾਹਿਬ ਪਾਸ ਆਇਆ ਤੇ ਬੇਨਤੀ ਕੀਤੀ ਕਿ ਭਾਈ ਸਾਹਿਬ ਜੀ, ਤੁਸੀਂ ਜਿਸ ਸ਼ਿਲਾ ਤੇ ਬੱਚੇ ਦਾ ਸਸਕਾਰ ਕਰਨ ਲਗੇ ਹੋ, ਇਹ ਇਕ ਬੜੀ ਪਵਿਤਰ ਸ਼ਿਲਾ ਹੈ। ਇਸ ਉਤੇ ਬੈਠ, ਇਕ ਮਹਾਤਮਾ ਤਪੱਸਿਆ ਕਰਿਆ ਕਰਦੇ ਸੀ, ਮੈਂ ਉਸ ਮਹਾਤਮਾ ਦੀ ਸੇਵਾ ਕਰਦਾ ਹੁੰਦਾ ਸੀ। ਕਿਰਪਾ ਕਰਕੇ ਤੁਸੀਂ ਇਸ ਪਵਿਤਰ ਸ਼ਿਲਾ ਨੂੰ ਸ਼ਮਸ਼ਾਨ-ਘਾਟ ਨਾ ਬਣਾਓ। ਭਾਈ ਸਾਹਿਬ ਨੇ ਅਗੋਂ ਉਤਰ ਦਿਤਾ ਕਿ ਬਾਬਾ ਜੀ! ਇਹ ਬੱਚਾ ਓਹੋ ਹੀ ਮਹਾਤਮਾ ਹੈ, ਜਿਸ ਦੀ ਤੁਸੀਂ ਸੇਵਾ ਕਰਦੇ ਹੁੰਦੇ ਸੀ, ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨ ਆਇਆ ਸੀ, ਅੰਮ੍ਰਿਤ ਦੀ ਪ੍ਰਾਪਤੀ ਹੋ ਗਈ। ਹੁਣ ਚਾਲੇ ਪਾ ਗਿਆ ਹੈ। ਅਸੀਂ ਇਸੀ ਦੇ ਤਪ-ਅਸਥਾਨ ਤੇ ਇਸ ਦਾ ਸਸਕਾਰ ਕਰਨਾ ਮੁਨਾਸਬ ਸਮਝਿਆ।

ਅਖੰਡ ਕੀਰਤਨੀ ਜਥੇ ਦੇ ਸਿਰਮੌਰ ਆਗੂ, ਬਾਬੂ ਮੱਲ ਸਿੰਘ ਜੀ ਪਲਾਸੌਰ, ਤਰਨ ਤਾਰਨ ਆਪਣੇ ਘਰ ਰਹਿੰਦੇ ਸਨ। ਇਕ ਦਿਨ ਇਕ ਸੱਜਣ ਉਨ੍ਹਾਂ ਨੂੰ ਮਿਲਣ ਆਏ। ਆਪ ਜੀ ਪ੍ਰਾਹੁਣੇ ਨੂੰ ਭਜ ਕੇ ਗਲਵੱਕੜੀ ਪਾ ਕੇ ਬਹੁਤ ਹੀ ਪ੍ਰੇਮ ਤੇ ਉਤਸ਼ਾਹ ਨਾਲ ਮਿਲੇ ਤੇ ਆਖਿਆ, ਸੱਜਣ ਜੀ, ਤੁਸੀਂ ਬਹੁਤ ਹੀ ਲੰਮੇ ਵਿਛੋੜੇ ਪਿਛੋਂ, ਅਜ ਦਰਸ਼ਨ ਦਿਤੇ ਹਨ। ਆਉਣ ਵਾਲੇ ਸੱਜਣ ਨੇ ਹੈਰਾਨਗੀ ਭਰੀ ਨਜ਼ਰ ਨਾਲ ਤੱਕਿਆ ਤੇ ਆਖਿਆ ਕਿ ਬਾਬੂ ਜੀ, ਮੈਂ ਤਾਂ ਅੱਜ ਪਹਿਲੀ ਵਾਰ ਹੀ ਆਪ ਜੀ ਦੇ ਦਰਸ਼ਨ ਕੀਤੇ ਹਨ। ਇਸ ਤੋਂ ਪਹਿਲਾਂ ਮੈਂ ਆਪ ਜੀ ਨੂੰ ਕਦੇ ਨਹੀਂ ਮਿਲਿਆ। ਆਪ ਜੀ ਨੂੰ ਕਿਸੀ ਹੋਰ ਸੱਜਣ ਦਾ ਭੁਲੇਖਾ ਲਗਾ ਹੈ। ਬਾਬੂ ਜੀ ਬੋਲੇ, ਵੀਰ ਜੀ, ਮੈਨੂੰ ਭੁਲੇਖਾ ਨਹੀਂ ਲਗਾ, ਮੈਂ ਠੀਕ ਆਖਦਾ ਹਾਂ। ਅਜ ਤੋਂ ਇਤਨੇ ਜਨਮ ਪਹਿਲਾਂ ਤੁਸੀਂ ਅਤੇ ਮੈਂ ਅਮਕੀ ਥਾਂ ਇਕੱਠੇ ਤਪੱਸਿਆ ਕਰਦੇ ਹੁੰਦੇ ਸੀ। ਲੋਕ ਤੁਹਾਨੂੰ ਤੂਤ ਵਾਲਾ ਬਾਬਾ ਆਖਿਆ ਕਰਦੇ ਸੀ। ਅਕਾਲ-ਪੁਰਖ ਨੇ ਤਰੁੱਠ ਕੇ ਆਪ ਜੀ ਨੂੰ ਅੰਮ੍ਰਿਤ ਪ੍ਰਾਪਤ ਕਰਨ ਲਈ ਇਹ ਜਨਮ ਦਿਤਾ।

ਉਪਰ ਕੁਝ ਉਦਾਹਰਦਾਂ ਹੀ ਪੇਸ਼ ਕੀਤੀਆਂ ਹਨ, ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ—

੧. ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੇ ਬਗੈਰ ਉਧਾਰ ਨਿਸਤਾਰਾ ਨਹੀਂ।

੨. ਪਿਛਲੇ ਜਨਮਾਂ ਦੇ ਦੇਵੀ ਦੇਵਤੇ ਤੇ ਸਾਧੂ ਸੰਤਾਂ ਨੂੰ ਵੀ **ਮੁੜ ਜਨਮ ਲੇ ਕੇ ਅਤੇ ਅੰਮ੍ਰਿਤ ਪ੍ਰਾਪਤ ਕਰ ਕੇ**, ਆਪਣੇ ਉਧਾਰ ਨਿਸਤਾਰੇ ਦਾ ਉਪਰਾਲਾ ਕਰਨਾ ਪਵੇਗਾ।

੩. ਅੰਮ੍ਰਿਤ ਦੀ ਦਾਤਿ **ਸਿਰਫ ਅਤੇ ਸਿਰਫ** ਗੁਰੂ ਨਾਨਕ ਦੇ ਹੱਥ ਹੈ। ਉਹ ਜਿਸਨੂੰ, ਇਸ ਦੇ ਪ੍ਰਾਪਤ ਕਰਨ ਦਾ ਅਧਿਕਾਰੀ ਸਮਝਦਾ ਹੈ, ਉਸਨੂੰ ਹੀ ਇਸ ਦੀ ਬਖਸ਼ਿਸ਼ ਕਰਦਾ ਹੈ—

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸ ਦੇਈ" ॥੪॥੧੧॥ (ਪੰਨਾ ੬੦੪).

ਇਥੇ ਕਈ ਸੱਜਣ ਟੱਪਲਾ ਖਾ ਸਕਦੇ ਹਨ ਕਿ ਅੰਮ੍ਰਿਤ ਦੀ ਰੀਤੀ ਤਾਂ ਕਲਗੀਧਰ ਜੀ ਨੇ ਸ਼ੁਰੂ ਕੀਤੀ ਸੀ ਤੇ ਤੁਸੀਂ ਇਸ ਨੂੰ ਗੁਰੂ ਨਾਨਕ ਦੇਵ ਜੀ ਨਾਲ ਜੋੜ ਰਹੇ ਹੋ। ਵੀਰ ਜੀ, ਗੁਰੂ ਦਸ ਨਹੀਂ, ਗੁਰੂ ਸਿਰਫ ਇਕ ਗੁਰੂ ਨਾਨਕ ਦੇਵ ਜੀ ਹੀ ਹੋਏ ਹਨ। ਚੂੰਕਿ ਗੁਰੂ ਨਾਨਕ ਦੇਵ ਜੀ ਦਾ ਇਹ ਮਿਸ਼ਨ ਲੰਮੇ ਸਮੇਂ ਦੀ ਮੰਗ ਕਰਦਾ ਸੀ ਇਸ ਲਈ ਇਕ ਸਰੀਰ ਵਿਚ ਰਹਿ ਕੇ ਇਸ ਲੰਮੇ ਮਿਸ਼ਨ ਨੂੰ, ਜਿਸ ਨੂੰ ਕੋਈ ਢਾਈ ਸੌ ਸਾਲ ਦੇ ਕਰੀਬ ਸਮਾਂ ਲਗਾ, ਪੂਰਾ ਕਰਨਾ ਮੁਸ਼ਕਿਲ ਸੀ। ਇਸ ਲਈ 'ਨਾਨਕ' ਨੇ ਦਸ ਵਖੋ ਵਖ ਸਰੀਰਾਂ ਵਿਚ ਵਿਚਰ ਕੇ ਭੀ "ਜੋਤਿ ਓਹਾ ਜੁਗਤਿ ਸਾਇ (ਪੰਨਾ ੯੬੬) ਹੀ ਰਖੀ। ਜਦੋਂ ਅਸੀਂ ਕੋਈ ਮਕਾਨ ਬਦਲੀ ਕਰਦੇ ਹਾਂ ਤਾਂ ਅਸੀਂ ਤਾਂ ਮਕਾਨ ਦੇ ਨਾਲ ਬਦਲੀ ਨਹੀਂ ਹੋ ਜਾਂਦੇ। ਸਿਰਫ ਮਕਾਨ ਹੀ ਬਦਲੀ ਕਰਦੇ ਹਾਂ। ਇਸੀ ਤਰ੍ਹਾਂ 'ਨਾਨਕ' ਨੇ ਆਪਣੀ ਜੋਤਿ ਨੂੰ ਹੀ ਦੂਸਰੇ ਸਰੀਰਾਂ ਵਿਚ ਪਲਟਾਇਆ--'ਸਹ ਕਾਇਆ ਫੇਰਿ ਪਲਟੀਐ,' ਪਰ ਉਧਾਰ-ਨਿਸਤਾਰੇ ਦੀ 'ਜੁਗਤਿ ਸਾਇ' ਹੀ ਰਖੀ। ਨੌਂ ਸਰੀਰਾਂ ਵਿਚ 'ਅੰਮ੍ਰਿਤ' ਚਰਨ-ਪਾਹੁਲ ਦੀ ਰੀਤੀ ਅਨੁਸਾਰ ਸੀ, ਦਸਵੇਂ ਜਾਮੇ ਵਿਚ 'ਜੁਗਤਿ ਸਾਇ' ਹੀ ਖੰਡੇ ਬਾਟੇ ਦੇ ਅੰਮ੍ਰਿਤ ਵਿਚ ਰਖੀ। ਅੰਮ੍ਰਿਤ ਦੀ ਦਾਤਿ (ਜੁਗਤਿ ਸਾਇ) ਬਦਸਤੂਰ ਪਹਿਲੀ ਹੀ ਰਹੀ—"ਸਹਿ ਕਾਇਆ ਫੇਰਿ ਪਲਟੀਐ' ਹੀ, ਭਾਵ, ਆਪਣੀ ਕਾਇਆਂ, ਸਰੀਰ ਨੂੰ ਹੀ ਪਲਟਦੇ ਰਹੇ। ਅਖ਼ੀਰ ਇਹ ਹੀ '**ਜੋਤਿ ਤੇ ਜੁਗਤਿ**' ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਕਰ ਅਗੋਂ ਦੇਹਧਾਰੀ ਗੁਰੂ ਦੀ ਮਰਯਾਦਾ ਬੰਦ ਕਰ ਦਿਤੀ।

ਗੁਰੂ ਨਾਨਕ ਦੇਵ ਜੀ ਕੌਣ ? ਦਾ ਮਸਲਾ ਤਾਂ ਹਾਲੇ ਹਲ ਨਹੀਂ ਹੋਇਆ—ਗੁਰੂ ਨਾਨਕ, ਦਰਿਆ ਤਾਂ, ਹਾਲੇ ਸਿੱਖੀ ਦੇ ਕੁਜੇ ਵਿਚ ਹੀ ਬੰਦ ਪਿਆ ਰਹਿ ਗਿਆ। ਆਓ ਹੁਣ ਇਨ੍ਹਾਂ ਨੂੰ ਇਸ ਕੁਜੇ ਵਿਚੋਂ ਬਾਹਰ ਕਢੀਏ। "ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ" ॥੩੦॥ (ਜਪੁਜੀ, ਪੰਨਾ ੭)

ਦਸਦੇ ਹਨ ਕਿ ਅਕਾਲ-ਪੁਰਖ ਨੇ ਸੰਸਾਰ ਦੀ ਉਤਪਤੀ ਦਾ ਕੰਮ ਬ੍ਰਹਮਾ ਦੇ, ਪਾਲਣਾ ਦੀ ਜ਼ਿੰਮੇਵਾਰੀ ਵਿਸ਼ਨੂੰ ਦੀ ਤੇ ਸੰਘਾਰ ਲਈ ਸ਼ਿਵ ਜੀ ਨੂੰ ਮੁਕੱਰਰ ਕੀਤਾ ਹੋਇਆ ਹੈ। "ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥" ਅਕਾਲ ਪੁਰਖ ਜਿਵੇਂ ਚਾਹੁੰਦਾ ਹੈ ਇਹ ਤਿੰਨੇ ਦੇਵਤੇ ਉਸ ਦੇ ਫ਼ੁਰਮਾਨ ਅਨੁਸਾਰ ਹੀ ਕੰਮ ਕਰਦੇ ਹਨ, ਆਪਣੀ ਮਨ-ਮਰਜ਼ੀ ਅਨੁਸਾਰ ਕੁਝ ਨਹੀਂ ਕਰ ਸਕਦੇ। ਇਥੇ ਇਕ ਬਹੁਤ ਹੀ ਅਦਭੁਤ ਜਾਂ ਅਜੀਬ ਜਿਹਾ ਨੁਕਤਾ ਸਾਹਮਣੇ ਆਉਂਦਾ ਹੈ ਕਿ ' ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥" ਇਹ ਤਿੰਨੇ, ਇਤਨੇ ਵੱਡੇ ਦੇਵਤੇ ਹੋਣ ਦੇ ਬਾਵਜੂਦ, ਅਕਾਲ ਪੁਰਖ ਨੂੰ ਦੇਖ ਭੀ ਨਹੀਂ ਸਕਦੇ, ਅਕਾਲ ਪੁਰਖ ਦੇ ਮਿਲਾਪ ਦੀ ਗੱਲ ਤਾਂ ਕਿਧਰੇ ਰਹੀ। ਦੂਸਰੇ ਪਾਸੇ ਗੁਰੂ ਨਾਨਕ ਤੋਂ ਵਰੋਸਾਏ ਹੋਏ ਸਿਖ, ਅਕਾਲ ਪੁਰਖ ਵਿਚ ਇਉਂ ਲੀਨ ਹੋ ਜਾਂਦੇ ਹਨ "ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ" ॥੮॥੧੧॥" (ਸੁਖਮਨੀ) ਅਤੇ ਜਦੋਂ ਭੀ ਓਹ ਚਾਹੁਣ, ਅਕਾਲ ਪੁਰਖ ਪਾਸ ਆ ਜਾ ਸਕਦੇ ਹਨ "ਗੁਰਮੁਖਿ ਆਵੈ ਜਾਇ ਨਿਸੰਗੁ ॥੨੨॥" (੯੩੨)। ਇਹਨਾਂ ਤਿੰਨਾ ਹੀ ਦੇਵਤਿਆਂ ਦੀ ਹਾਲਤ, "ਬਹੁਤਾ ਏਹੁ ਵਿਡਾਣੁ" ਕਿਤਨੀ ਵਿਡਾਣ ਜਾਂ ਹੈਰਾਨਗੀ ਭਰੀ ਹੈ।

ਜ਼ਰਾ ਵਿਚਾਰੀਏ ਕਿ ਜਦੋਂ ਕੋਈ ਅਕਾਲ ਪੁਰਖ ਨੂੰ ਦੇਖ ਹੀ ਨਹੀਂ ਸਕਦਾ ਤਾਂ ਉਸ ਦਾ ਅਕਾਲ ਪੁਰਖ ਨਾਲ ਮਿਲਾਪ ਕਿਵੇਂ ਹੋ ਸਕਦਾ ਹੈ, ਜਦੋਂ ਕੋਈ ਅਕਾਲ ਪੁਰਖ ਨੂੰ ਮਿਲ ਹੀ ਨਾ ਸਕੇ ਤਾਂ ਉਸ ਦਾ ਉਧਾਰ-ਨਿਸਤਾਰਾ ਕਿਵੇਂ ਹੋਵੇ ? ਇਸੀ ਕਾਰਨ ਹੀ ਬ੍ਰਹਮਾ ਨੂੰ ਭਿਖੇ ਭੱਟ ਦੇ ਰੂਪ ਵਿਚ ਜਨਮ ਲੈ, ਪੰਚਮ-ਪਾਤਸ਼ਾਹ ਦੀ ਸ਼ਰਨ ਆਉਣਾ ਪਿਆ। ਹੁਣ ਤੁਸੀਂ ਆਪ ਹੀ ਫ਼ੈਸਲਾ ਕਰ ਲਵੋ ਕਿ ਗੁਰੂ ਨਾਨਕ ਦਾ ਸਿੱਖ ਵੱਡਾ ਹੈ ਜਾਂ ਇਹ ਦੇਵਤੇ।

ਭੱਟਾਂ ਦੀ ਬਾਣੀ ਵਿਚੋਂ ਗੁਰੂ ਸਾਹਿਬਾਨ ਦੀ ਅਸਲੀਅਤ ਦੇ ਕਾਫ਼ੀ ਭੇਦ ਖੁਲ੍ਹਦੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ "ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ" ਵਿਚੋਂ ਇਸ ਸੰਬੰਧ ਵਿਚ, ਕੁਝ

ਟੂਕਾਂ ਪੇਸ਼ ਹਨ, "ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥" (੧੩੮੭) ਭਾਵ, ਵਾਹਿਗੁਰੂ ਸਿਰਜਨਹਾਰ ਕਰਤਾਰ ਦੇ ਰਚੇ ਹੋਏ ਸਗਲ (ਸਾਰੇ) ਭਵਨਾਂ (ਮੰਡਲਾਂ, ਖੰਡਾਂ, ਬ੍ਰਹਮੰਡਾਂ) ਵਿਖੇ **ਪਾਰਬ੍ਰਹਮ ਰੂਪ**, ਗੁਰੂ ਨਾਨਕ ਹੀ ਪਰਤੱਖ ਪਰਮਾਣਿਆ (ਧੁਰੋਂ ਪਠਾਇਆ, ਧੁਰੋਂ ਪਰਮਾਣਿਆ) ਸਮਰੱਥ ਜਨ ਹੈ। ਗੁਰੂ ਨਾਨਕ ਬਾਝੋਂ ਹੋਰ ਕੋਈ ਜਨ ਔਲੀਆ, ਅੰਬੀਆ, ਅਵਤਾਰ, ਨਾਮ ਵਿਥਾਰਨ ਨੂੰ ਸਮਰੱਥ ਨਹੀਂ। **ਸਾਰੇ ਗੁਪਤ ਪ੍ਰਗਟ ਖੰਡਾਂ ਬ੍ਰਹਮੰਡਾਂ** ਵਿਚ, ਗੁਰੂ ਨਾਨਕ ਦਾ ਹੀ ਪਰਤਾਪ ਪ੍ਰਗਟ ਪਸਾਰੇ ਵਰਤ ਰਿਹਾ ਹੈ—

"ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥੭॥ (ਪੰਨਾ ੧੩੯੦)

...ਗੁਰੂ ਨਾਨਕ ਸਾਹਿਬ ਅਜ਼ਲ ਅਬਦੀ ਸਤਿਗੁਰੂ ਹਨ, ਆਦਿ ਜੁਗਾਦੀ ਸਤਿਗੁਰੂ ਹਨ—"ਓਹ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ" (੩੯੭)। ਆਦਿ ਅਜ਼ਲ ਤੋਂ ਹੀ ਪਰਮੇਸ਼ਰ ਰੂਪ ਹਨ, ਨਿਰੰਕਾਰ **ਪਰਮੇਸ਼ਵਰ** ਨਾਲ ਮੁਢ ਤੋਂ ਹੀ ਅਭੇਦ ਹਨ। ਨਿਰੰਕਾਰ ਵਲੋਂ ਹਰ ਇਕ ਜੁਗ ਅੰਦਰ ਨਿਰੰਕਾਰ ਦਾ ਆਕਾਰੀ ਰੂਪ ਧਾਰ ਕੇ ਗੁਰੂ ਨਾਨਕ ਨਿਰੰਕਾਰੀ ਹੀ **ਸਭ ਜੁਗੀਂ ਜੀਵਾਂ ਦੇ ਉਧਾਰ ਲਈ ਆਉਂਦੇ ਰਹੇ ਹਨ** ... "ਕਲਿਜੁਗੁ ਉਧਾਰਿਆ ਗੁਰਦੇਵ ॥" (੪੦੫) ਇਸੇ ਕਰਕੇ ਕਲਜੁਗ ਸਾਰੇ ਜੁਗਾਂ ਨਾਲੋਂ ਉਤਮ ਜੁਗ, ਸਰਬ ਉਤਮ ਜੁਗ ਹੈ। **ਸਤਿਜੁਗ, ਤ੍ਰੇਤਾ ਦੁਆਪਰ ਜੁਗਾਂ ਦੇ ਜੀਵਾਂ ਦਾ ਉਧਾਰ ਭੀ ਇਸੀ ਕਲਜੁਗ ਵਿਖੇ ਜਨਮ ਹੋਣ ਪਰ ਹੀ ਹੋਵੇਗਾ।** ...ਸਵਈਆਂ ਦੀ ਬਾਣੀ ਤੱਤ ਸੱਤ ਬਾਣੀ ਹੈ। ਗੁਰੂ ਕਲਾ ਕ੍ਰਿਸ਼ਮੀ ਬਾਣੀ ਹੋਣ ਕਰਿ, ਇਹ ਨਿਰੋਲ ਗੁਰਬਾਣੀ ਹੈ।· ਭੱਟਾਂ ਉਪਰ ਸਤਿਗੁਰੂ ਨੇ ਕਲਾ ਕ੍ਰਿਸ਼ਮਤਾ ਵਰਤਾਈ ਤਾਂ ਹੀ ਉਨ੍ਹਾਂ ਦੇ (ਭੱਟਾਂ ਦੇ) ਮੁਖਾਰਬਿੰਦ ਤੋਂ ਇਹ ਬਾਣੀ (ਗੁਰ-ਬਾਣੀ) ਉਚਰਣਿਤ ਹੋਈ।"

ਸੁਖਮਨੀ ਸਾਹਿਬ ਦੀ ਦਸਵੀਂ ਅਸ਼ਟਪਦੀ, ਜਿਸ ਵਿਚ "ਕਈ ਕੋਟਿ ਪਾਰਬ੍ਰਹਮ ਕੇ ਦਾਸ" ਆਦਿ ਸ਼ਬਦ ਆਏ ਹਨ, ਉਸ ਦੀ ਵਿਆਖਿਆ ਕਰਦੇ ਹੋਏ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ, "ਇਨ੍ਹਾਂ ਗੁਰ-ਪ੍ਰਮਾਣਾਂ ਤੋਂ ਸਪੱਸ਼ਟ ਸਿਧ ਹੋਇਆ ਹੈ ਕਿ ਗੁਰੂ ਨਾਨਕ ਦੇ ਅਪਣਾਏ ਹੋਏ ਤੇ ਅਪਣਾ ਕੇ **ਤਾਰੇ ਹੋਏ ਕੋਟਾਨ ਕੋਟਿ ਪ੍ਰਾਣੀ ਹੋ ਗੁਜ਼ਰੇ ਹਨ।** ਇਨ੍ਹਾਂ ਪ੍ਰਮਾਣਾਂ ਦਾ ਇਕ ਇਕ ਅੱਖਰ, ਇਕ ਇਕ ਪਦ ਲਫ਼ਜ਼ ਸਮੂਹ ਸੱਚ ਹੈ। ਗੁਰੂ ਨਾਨਕ ਨੇ ਕੇਵਲ ਏਸ ਲੋਕ ਦੇ ਪ੍ਰਾਣੀ ਹੀ ਨਹੀਂ ਉਧਾਰੇ, ਅਨੇਕਾਂ ਹੋਰ ਲੋਕਾਂ ਦੇ ਉਧਾਰਨ ਯੋਗ ਪਾਤਰ ਜਨ ਭੀ ਉਧਾਰੇ ਹਨ। ਸਮਰੱਥ ਗੁਰੂ ਨੇ **ਸਾਰਿਆਂ ਖੰਡਾਂ ਬ੍ਰਹਮੰਡਾਂ ਦੇ ਉਧਾਰ ਪਾਤਰ ਲੋਕਾਂ ਨੂੰ ਉਧਾਰਿਆ ਹੈ।** ਰਚਨਹਾਰ ਕਰਤਾਰ ਦੀ ਰਚਨਾ ਕੋਟਾਨ ਕੋਟਿ ਖੰਡ ਬ੍ਰਹਮੰਡ ਹਨ, **ਸਭਨਾਂ ਖੰਡਾਂ ਬ੍ਰਹਮੰਡਾਂ ਦਾ ਉਧਾਰ ਗੁਰੂ ਨਾਨਕ ਨਾਮ ਦੁਆਰਾ ਹੋਇਆ ਹੈ।**

ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ ॥੩॥ (੧੩੯੩)

ਸੋਈ ਨਾਮ ਨਿਰੰਜਨ, ਸਿਮਰ ਕੇ ਹੀ **ਨਵੇਂ ਨਾਥਾਂ ਦਾ ਅਤੇ ਸ਼ਿਵ ਸਨਕਾਦਿਕਾਂ ਦਾ ਉਧਾਰ ਹੋਇਆ** .. ਇਹ ਗੱਲ ਨਿਸਚੇ ਰਹੇ ਕਿ ਇਨ੍ਹਾਂ ਨਵਾਂ ਨਾਥਾਂ, ਸ਼ਿਵ ਸਨਕਾਦਿਕਾਂ ਦਾ ਉਧਾਰ ਉਦੋਂ ਹੋਇਆ ਜਦੋਂ ਇਹ **ਜਨਮ ਧਾਰ ਕੇ ਮੁੜ ਗੁਰ ਸਰਨਾਈ ਆਏ ਅਤੇ ਗੁਰੂ ਨਾਨਕ ਦੇ ਨਾਮ-ਲੇਵਾ ਸਿਖ ਬਣੇ, ਗੁਰੂ ਨਾਨਕ ਦੇ ਘਰੋਂ ਨਾਮ ਦੀਖਿਆ ਦੀ ਦਾਤਿ ਲੈ ਕੇ** ...ਹੁਣ ਭੀ ਜਿਹੜੇ, ਗੁਰੂ ਨਾਨਕ ਦਰਮੇਸ਼ਰ ਦੇ ਘਰ ਦੇ ਸਾਜੇ ਨਿਵਾਜੇ ਨਾਮ ਕਲਾ-ਧਾਰੀ ਪੰਜਾਂ ਪਿਆਰਿਆਂ ਦੀ ਸ਼ਰਨੀ ਆਉਂਦੇ ਹਨ **ਸੋ ਪਿਛਲੇ ਜਨਮਾਂ ਦੇ ਤਪੀਸ਼ਰ ਰਿਖੀਸ਼ਰ ਹੀ ਹਨ**, ਜੋ ਪੂਰਬਲੇ ਸੰਜੋਗਾਂ ਕਰਿ ਅੰਮ੍ਰਿਤ ਦੇ ਅਧਿਕਾਰੀ ਬਣਦੇ ਹਨ ਅਤੇ ਨਾਮ ਦੀ ਪਾਤਰਤਾ ਦੇ ਭੀ ਭਾਗੀ ਹੁੰਦੇ ਹਨ।

ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ **ਬ੍ਰਹਮੇ ਜਨਮ ਗਵਾਇਆ** ॥ (੪੭੮)

ਗੁਰ ਕੈ ਸਬਦਿ ਤਰੇ ਮੁਨਿ ਕੇਤੇ **ਇੰਦ੍ਰਾਦਿਕ ਬ੍ਰਹਮਾਦਿ ਤਰੇ** ॥ (੧੧੨੫)

ਇਨ੍ਹਾਂ ਪਰਮਾਣਾਂ ਤੋਂ ਸਾਫ਼ ਸਿਧ ਹੋਇਆ ਕਿ ਤਿਨ੍ਹਾਂ ਦਾ ਕਲਿਆਨ ਨਿਸਤਾਰਾ ਜਦ ਭੀ ਹੋਇਆ ਤਾਂ ਗੁਰਮਤਿ ਗੁਰ-ਸ਼ਬਦ (ਗੁਰ-ਮੰਤ੍ਰ) ਦੁਆਰਾ ਤੇ **ਗੁਰ-ਪ੍ਰਸਾਦੀ ਹੋਇਆ, ਗੁਰੂ ਨਾਨਕ ਦੀ ਸਰਨੀ ਆ ਕੇ ਹੀ**


www.AKJ.Org

ਛੁਟਕਾਰਾ ਹੋਇਆ। ਓਦੋਂ ਤਕ ਓਹ ਜੁਗ ਜੁਗ ਜਨਮ ਧਾਰਦੇ ਹੀ ਰਹੇ।"

ਲੇਖ ਲੰਬਾ ਹੋ ਜਾਣ ਕਰਕੇ ਹੋਰ ਪ੍ਰਮਾਣਾਂ ਤੋਂ ਸੰਕੋਚ ਕੀਤਾ ਜਾਂਦਾ ਹੈ। ਸਾਰੀ ਵਿਚਾਰ ਦਾ ਸਾਰ ਸਿੱਟਾ ਇਹ ਹੈ ਕਿ ਸੰਸਾਰ ਦੇ ਜੀਵਾਂ ਦੇ ਉਧਾਰ ਨਿਸਤਾਰੇ ਲਈ, ਅਕਾਲ-ਪੁਰਖ ਨੇ ਆਪਣੀ ਇਕ ਨਿਜ ਸੱਤਾ ਦੀ ਡੀਊਟੀ ਲਾਈ ਹੋਈ ਹੈ ਕਿ ਓਹ ਸੰਸਾਰ ਦੇ ਨੇਕ ਅਤੇ ਧਰਮੀ ਪੁਰਸ਼ਾਂ ਦੇ ਉਧਾਰ ਨਿਸਤਾਰੇ ਦਾ ਪ੍ਰਬੰਧ ਕਰੇ। ਅਕਾਲ ਪੁਰਖ ਦੀ ਇਹ ਨਿਜ ਸੱਤਾ ਸਿਰਫ ਸਾਡੀ ਧਰਤੀ ਲਈ ਹੀ ਨਹੀਂ, ਸਗੋਂ ਕੋਟਾਨ ਕੋਟਿ ਖੰਡਾਂ ਬ੍ਰਹਮੰਡਾਂ ਦੇ ਉਧਾਰ-ਨਿਸਤਾਰੇ ਦਾ ਪ੍ਰਬੰਧ ਇਸ ਹਸਤੀ ਦੇ ਜ਼ਿੰਮੇ ਹੈ। ਇਹ ਸੱਤਾ **ਆਦਿ ਤੋਂ ਹੀ** ਕਿਸੀ ਨਾ ਕਿਸੀ ਖੰਡ ਵਿਚ ਉਧਾਰ ਕਰਦੀ ਚਲੀ ਆ ਰਹੀ ਹੈ। ਇਹ ਸੱਤਾ ਅਜ ਤੋਂ ਕੋਈ ਪੰਜ ਕੁ ਸੌ ਸਾਲ ਪਹਿਲਾਂ ਇਸ ਧਰਤੀ ਤੇ ਆਈ। ਲਗ ਪਗ ਕੋਈ ਢਾਈ ਕੁ ਸੌ ਸਾਲ, ਇਸ ਧਰਤੀ ਤੇ ਵਿਚਰ, ਦਸ ਜਾਮੇ ਧਾਰ, ਇਸ ਦੁਨੀਆ ਦੇ ਉਧਾਰ-ਨਿਸਤਾਰੇ ਲਈ ਰਸਤਾ ਤਿਆਰ ਕੀਤਾ, ਜਿਸ ਨੂੰ "ਗੁਰਮਤਿ" ਆਖਦੇ ਹਨ। "ਗੁਰਮੁਖਿ ਗਾਡੀ ਰਾਹ ਚਲੰਦਾ।"† ਪੱਗ-ਡੰਡੀਆਂ ਤੇ ਚਲਦਿਆਂ, ਹਰ ਦੋਰਾਹੇ ਚੌਰਾਹੇ ਤੇ ਪਹੁੰਚ, ਅਸਲ ਰਸਤੇ ਦਾ ਕੋਈ ਭੁਲੇਖਾ ਪੈਣ ਦਾ ਡਰ ਹੁੰਦਾ ਹੈ—ਪਰ ਜਰਨੈਲੀ ਸੜਕ ਤੇ ਚਲਦਿਆਂ, ਭੁਲੇਖੇ ਦੀ ਗੁੰਜਾਇਸ਼ ਬਹੁਤ ਘਟ ਹੁੰਦੀ ਹੈ। ਗੁਰਮਤਿ ਦੇ ਇਸ ਗਾਡੀ ਰਾਹ ਜਾਂ ਜਰਨੈਲੀ ਸੜਕ ਦੇ ਇੰਜੀਨੀਅਰ ਨੂੰ, ਇਸ ਸੰਸਾਰ ਵਿਚ 'ਸਤਿਗੁਰੂ ਨਾਨਕ ਦੇਵ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਹੁਣ ਸਤਿਗੁਰੂ ਨਾਨਕ ਹੋਰ ਖੰਡਾਂ ਬ੍ਰਹਮੰਡਾਂ ਵਿਚ, ਉਨ੍ਹਾਂ ਦੇ ਉਧਾਰ-ਨਿਸਤਾਰੇ ਵਿਚ ਮਸਰੂਫ਼ (ਰੁਝੇ ਹੋਏ) ਹਨ। ਸ੍ਰਿਸ਼ਟੀ ਦੇ ਅੰਤ ਤਕ ਇਹ ਵਖੋ ਵਖ ਖੰਡਾਂ ਬ੍ਰਹਮੰਡਾਂ ਦੇ ਉਧਾਰ-ਨਿਸਤਾਰੇ ਦੀ ਡੀਊਟੀ ਨਿਭਾਉਂਦੇ ਰਹਿਣਗੇ।

"ਸਤਿਗੁਰੂ ਨਾਨਕ" ਦੇ ਸਾਡੀ ਧਰਤੀ ਤੇ ਆਉਣ ਤੋਂ ਪਹਿਲਾਂ, ਹੋਰ ਖੰਡਾਂ ਬ੍ਰਹਮੰਡਾਂ ਦੇ ਨਿਸਤਾਰੇ ਦੀ ਇਕ ਪਰਤੱਖ ਮਿਸਾਲ ਮੌਜੂਦ ਹੈ—ਜਦੋਂ 'ਸਤਿਗੁਰੂ ਨਾਨਕ' ਨੇ ਬਗ਼ਦਾਦ ਵਿਚ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦਾ ਨਾਅਰਾ ਬੁਲੰਦ ਕੀਤਾ ਤਾਂ ਉਥੋਂ ਦੇ ਮੁਸਲਮਾਨਾਂ ਨੇ ਪੀਰ ਗ਼ੁਲਾਮ ਦਸਤਗੀਰ ਪਾਸ ਸ਼ਿਕਾਇਤ ਕੀਤੀ। ਗੁਰੂ ਜੀ ਪੀਰ ਦੇ ਲੜਕੇ ਨੂੰ ਲੱਖਾਂ ਪਾਤਾਲਾਂ ਆਗਾਸਾਂ ਦੀ ਸੈਰ ਕਰਾ ਕੇ ਜਦੋਂ ਵਾਪਸ ਆ ਰਹੇ ਸਨ, ਤਾਂ ਇਕ ਹੋਰ ਕਿਸੇ ਧਰਤੀ, ਜਿਸ ਦਾ ਉਧਾਰ-ਨਿਸਤਾਰਾ ਸਾਡੀ ਧਰਤੀ ਤੇ ਆਉਣ ਤੋਂ ਪਹਿਲਾਂ ਕਰ ਚੁਕੇ ਸਨ, ਉਥੇ ਦੀਵਾਨ ਦੀ ਸਮਾਪਤੀ ਉਪਰੰਤ 'ਪ੍ਰਸਾਦਿ' ਵਰਤਾਇਆ ਜਾ ਰਿਹਾ ਸੀ, ਉਥੋਂ ਇਕ ਕੌਲ 'ਪ੍ਰਸਾਦਿ' ਦਾ ਭਰ ਕੇ ਨਿਸ਼ਾਨੀ ਦੇ ਤੌਰ ਤੇ ਨਾਲ ਭੀ ਲੈ ਕੇ ਆਏ।*

ਇਸ ਲੇਖ ਦੀ ਰੌਸ਼ਨੀ ਵਿਚ ਆਪ ਜੀ ਦੇਖ ਸਕਦੇ ਹੋ ਕਿ ਗੁਰੂ ਨਾਨਕ ਦੇਵ ਜੀ ਸਾਡੇ ਹੀ ਗੁਰੂ ਨਹੀਂ, ਓਹ ਪੂਰੀ ਹੀ ਕਾਇਨਾਤ ਦੇ "ਸਤਿਗੁਰੂ" ਹਨ। ਅਸੀਂ ਆਪਣੀ ਕਮ-ਅਕਲੀ ਦੇ ਕਾਰਨ, ਉਨ੍ਹਾਂ ਨੂੰ ਸਿੱਖੀ ਦੇ ਇਕ ਛੋਟੇ ਜਿਹੇ ਦਾਇਰੇ ਵਿਚ ਵਲਗਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਮਾਂ ਆਏਗਾ ਜਦੋਂ ਪੂਰੇ ਸੰਸਾਰ ਦੀ ਇਨਸਾਨੀਅਤ ਤੇ ਇਹ ਹਕੀਕਤ ਰੌਸ਼ਨ ਹੋ ਜਾਏਗੀ ਕਿ ਸੰਸਾਰ ਅੰਦਰ ਕੋਈ ਭੀ ਔਲੀਆ ਅੰਬੀਆ, ਪੀਰ ਪੈਗ਼ੰਬਰ, ਰਿਸ਼ੀ ਅਵਤਾਰ ਐਸਾ ਨਹੀਂ ਹੈ ਜੋ ਕਿਸੀ ਦਾ ਉਧਾਰ-ਨਿਸਤਾਰਾ ਕਰਨ ਦੇ ਸਮਰੱਥ ਹੋਵੇ। ਜਦੋਂ ਹੀ ਕਿਸੀ ਦਾ ਉਧਾਰ ਨਿਸਤਾਰਾ ਹੋਣਾ ਹੈ ਤਾਂ **ਕੇਵਲ** 'ਸਤਿਗੁਰੂ ਨਾਨਕ' ਦੀ ਸ਼ਰਨ ਆਇਆਂ ਹੀ ਹੋਣਾ ਹੈ।

---

† ਭਾਈ ਗੁਰਦਾਸ ਜੀ, ਵਾਰ ੪੦, ਪਉੜੀ ੧੧

*ਸਾਇੰਸਦਾਨ ਹਾਲੇ ਤਕ ਕੋਈ ਐਸਾ ਗ੍ਰਹਿ ਖੋਜ ਨਹੀਂ ਸਕੇ ਜਿਥੇ ਕੋਈ ਇਨਸਾਨੀ ਆਬਾਦੀ ਹੋਵੇ, ਜਦੋਂ ਕਿ 'ਸਤਿਗੁਰੂ ਨਾਨਕ' ਅਜ ਤੋਂ ਕੋਈ ਪੰਜ ਕੁ ਸਾਲ ਪਹਿਲਾਂ ਐਸੇ ਕਿਸੀ ਗ੍ਰਹਿ ਦੀ ਆਪ ਅਤੇ ਪੀਰ ਦੇ ਲੜਕੇ ਸਮੇਤ ਸੈਰ ਕਰ ਕੇ ਆਏ, ਜਿਥੇ ਸਾਡੀ ਧਰਤੀ ਸਮਾਨ ਆਬਾਦੀ ਸੀ।



www.AKJ.Org

# ਭਾਈ ਭਗੀਰਥ ਅਤੇ ਭਾਈ ਮਨਸੁਖ ਜੀ

[ਪ੍ਰਿੰਸੀਪਲ ਸਤਿਬੀਰ ਸਿੰਘ ਜੀ]

**ਪਹਿਲਾਂ ਪਿਆ ਪ੍ਰਭਾਵ—**

ਸੁਲਤਾਨਪੁਰ ਤੋਂ ਮਲਸੀਹਾਂ ੧੯ ਕੁ ਮੀਲਾਂ ਦੀ ਵਾਟ 'ਤੇ ਹੈ। ਉਸ ਪਿੰਡ ਇਕ ਸਮੇਂ ਗੁਰੂ ਨਾਨਕ ਦੇਵ ਜੀ ਆ ਉਤਰੇ। ਉਥੋਂ ਦੇ ਚੌਧਰੀ ਭਗੀਰਥ ਨੇ ਬੜੀ ਟਹਿਲ ਕੀਤੀ। ਰਾਤ ਨੂੰ ਬਾਬਾ ਉਸੇ ਨਗਰੀ ਰਹਿਆ। ਭਗੀਰਥ ਵੀ ਸੇਵਾ ਹਿਤ ਉਥੇ ਹੀ, ਜਿਥੇ ਬਾਬਾ ਟਿਕੇ ਸਨ, ਸੌਂ ਗਿਆ। ਜਾਂ ਪਿਛਲ ਰਾਤ ਬਾਬਾ ਉਠਿਆ ਤਾਂ ਭਗੀਰਥ ਕੀ ਦੇਖੇ ਕਿ ਇਕ ਔਰਤ ਝਾੜੂ ਪਈ ਦੇਵੇ। ਭਗੀਰਥ ਪੁਛਿਆ ਕਿ ਤੂੰ ਕੌਣ ਹੈਂ ? ਤਾਂ ਉਸ ਕਿਹਾ :

ਭਗੀਰਥ ! ਤੂੰ ਪਛਾਣਦਾ ਨਹੀਂ, ਮੈਂ ਹੀ 'ਕਾਲੀ' ਹਾਂ। ਸੇਵਾ ਕਰਦੀ ਹਾਂ ਤਾਂ ਮੇਰੇ ਵਿਚ ਇਹ ਸ਼ਕਤੀ ਹੁੰਦੀ ਹੈ।

ਭਗੀਰਥ ਜਾਣ ਗਿਆ ਕਿ : ਸੇਵਾ ਹੀ ਸ਼ਕਤੀ ਦਾ ਮੂਲ ਹੈ। ਭਲੇ ਪੁਰਸ਼ਾਂ ਦਾ ਸੰਗ ਹੀ ਅਸਲ ਦੀਦਾਰ ਹੈ। ਸੰਗਤ ਕਰ ਵਾਹਿਗੁਰੂ ਦੇ ਗੁਣ ਗਾਣੇ ਹੀ ਸਹੀ ਰਾਹ ਹੈ। ਰਜ਼ਾ ਵਿਚ ਟਿਕਣਾ ਹੀ 'ਘਰ' ਪੁਜਣਾ ਹੈ।

ਹੁਣ ਜਿਵੇਂ ਗੁਰੂ ਨਾਨਕ ਕਹਿੰਦੇ, ਉਵੇਂ ਭਗੀਰਥ ਜੀ ਕਰਦੇ। ਉਹ ਰੋਜ਼ ਸੁਲਤਾਨਪੁਰ ਆਉਂਦੇ, ਸੁਬਹ ਗੁਰੂ ਨਾਨਕ ਜੀ ਨਾਲ ਹੀ ਇਸ਼ਨਾਨ ਕਰਨ ਜਾਂਦੇ, ਸੰਗਤ ਕਰਦੇ। ਕਿਸੇ ਲੋੜਵੰਦ ਦੀ ਲੋੜ, ਆਪਣੀ ਲੋੜ ਜਾਣ ਪੂਰੀ ਕਰਦੇ—

ਰਹਿਤ ਭਇਓ, ਦਰਸ਼ਨ ਨਿਤ ਕਰਹੀ। ਚਰਨ ਪਖਾਰ, ਹਰਖ ਉਹ ਧਰਹੀ।
ਜਿਉ ਕਰਨਾਨਿਧ ਦੇਹਿ ਰਜਾਇ। ਤੈਸੇ ਕਰੇ, ਸਦਾ ਮਨ ਭਾਇ।

ਜੀਵਨ ਐਸਾ ਪਲਟਿਆ ਕਿ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜੋ ਕਦੇ ਕਾਲੀ ਦਾ ਭਗਤ ਸੀ, ਹੁਣ ਸਿਵਾਇ ਗੁਰੂ ਦੇ ਗੁਣ ਗਾਉਣ ਤੋਂ ਮਲਸੀਹਾਂ ਦਾ ਰਹਿਣ ਵਾਲਾ ਭਗੀਰਥ ਕੋਈ ਹੋਰ ਕਰਮ ਪੂਜਾ-ਪਾਠ ਨਹੀਂ ਕਰਦਾ।

ਮੈਲਸੀਹਾਂ ਵਿਚਿ ਆਖੀਐ ਭਾਗੀਰਥ ਭਾਈ ਗੁਣ ਗਾਵੈ ॥ [ਵਾਰ ੧੧/੧੪

ਭਾਈ ਭਗੀਰਥ ਜੀ ਦਾ ਹੀ ਬਨਾਵਟ-ਰਹਿਤ ਜੀਵਨ ਦੇਖ, ਲਾਹੌਰ ਦੇ ਭਾਈ ਮਨਮੁਖ ਸਿਖ ਬਣੇ ਤੇ ਫਿਰ ਪਹਿਲੇ ਪ੍ਰਚਾਰਕ। ਜਿਨ੍ਹਾਂ, ਲੋਕਾਂ ਵਿਚ ਜਾ ਸਿੱਖੀ ਫੈਲਾਈ।

**ਧਰਮ ਦਾ ਪਹਿਲਾ ਪ੍ਰਚਾਰਕ—**

ਭਾਈ ਭਗੀਰਥ ਦੀ ਬਣਾਵਟ-ਰਹਿਤ ਕਰਣੀ ਤੇ ਜੀਵਨ ਦੇਖ, ਭਾਈ ਮਨਸੁਖ ਸਿੱਖ ਹੋਆ ਤੇ ਲਾਹੌਰੋਂ ਟੁਰ ਸੁਲਤਾਨਪੁਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਬੇਨਤੀ ਕੀਤੀ ਕਿ ਕਿਰਪਾ ਕਰ ਦਸੋ ਕਿ ਮਨ ਦਾ ਸੁਖ ਕਿਵੇਂ ਮਿਲੇ ?

ਮਹਾਰਾਜ ਨੇ ਕਿਹਾ, ਮਨ ਦਾ ਸੁਖ ਹੈ 'ਮਮਤਾ ਗਵਾਇ'।

ਉਸ ਐਸਾ ਹੀ ਕੀਤਾ ਅਤੇ ਸਭ ਪਕੜਾਂ ਗਵਾ ਦਿਤੀਆਂ ਅਤੇ ਫਿਰ ਆਇ ਕੈ ਬੇਨਤੀ ਕੀਤੀ ਕਿ ਸੇਵਾ ਲਗਾਓ।

ਗੁਰੂ ਜੀ ਨੇ ਲੰਕਾ ਵਪਾਰ ਕਰਨ ਲਈ ਇਹ ਕਹਿ ਕੇ ਭੇਜਿਆ :

ਧਰਮ ਦੀ ਕਿਰਤ ਕਰੋ ਬਿਵਹਾਰ।

ਉਨ੍ਹਾਂ ਦੀ ਕਿਰਤ-ਕਰਣੀ ਦੇਖ ਲੋਕੀ ਖਿਚੇ ਆਏ।

ਦੋਖੀਆਂ ਜਾ ਸ਼ਿਕਾਇਤਾਂ ਕੀਤੀਆਂ ਕਿ ਇਹ ਰਾਜ-ਧਰਮ ਅਤੇ ਬ੍ਰਤ-ਧਰਮ ਨਹੀਂ ਅਪਣਾਂਦਾ, ਸੋ ਦੰਡ ਦਾ ਭਾਗੀ ਹੈ। ਆਪ ਜੀ ਦਾ ਉਤਰ ਸੀ :



www.AKJ.Org

ਜੋ ਪਿਛਲੇ ਰਾਤ ਉਠਤੇ ਹੈਂ, ਨਾਮ ਜਪਤੇ ਹੈਂ, ਯਥਾ ਸ਼ਕਤ ਦਾਨ ਕਰਤੇ ਹੈਂ,
ਤਿਨ ਕੋ ਅਨੇਕ ਗਾਇਤ੍ਰੀ ਕੇ ਪਾਠ ਕਾ ਫਲ ਹੈ ।
ਅਰ ਜੋ ਸਭ ਮੈਂ ਏਕ ਪਰਮੇਸ਼ਰ ਜਾਣ ਕੇ ਰਾਗ ਦ੍ਵੇਖ ਤੇ ਰਹਿਤ ਹੋਤੇ ਹੈਂ,
ਤਿਨ੍ਹਾਂ ਸ਼ਿਵਲਿੰਗ ਕੋ ਕਿਆ ਪੂਜਣਾ ਹੈ ।

ਮਹਿਮਾ ਪ੍ਰਕਾਸ਼ ਦੇ ਲਿਖੇ ਅਨੁਸਾਰ ਬੰਦੀ ਪਾ ਤਸੀਹੇ ਵੀ ਦਿਤੇ, ਪਰ ਭਾਈ ਜੀ ਨੇ ਕਿਹਾ :

ਸੁਨ ਰਾਜਾ ! ਮੈਂ ਨਿਜ ਮਤ ਕਹੋਂ ਵਿਚਾਰ ਕੇ । ਜੋ ਸਤਿਗੁਰੂ ਕੀਉ ਉਪਦੇਸ਼ ਜੋ ਹੀਏ ਧਾਰ ਕੇ ।
ਸੋ ਬਾਨੀ ਗੁਰੂ ਕੀ ਪੜੋ ਵਹੀ ਬ੍ਰਤ ਨੇਮ ਹੈ । ਗੁਰ ਬਚਨਨ ਕੇ ਪ੍ਰਤਾਪ ਕੁਸਲ ਮਨ ਖੇਮ ਹੈ ।

ਰਾਜਾ ਚਰਨੀ ਲਗਾ ਤੇ ਗੁਰੂ ਨਾਨਕ ਜੀ ਦੀ ਮਹਿਮਾ ਲਗਾ ਗਾਉਣ । ਉਚੇਚੇ ਸੁਨੇਹੇ ਭੇਜੇ ਕਿ ਲੰਕਾ ਜ਼ਰੂਰ ਚਰਨ ਪਾਉਣ ।

ਗੁਰੂ ਨਾਨਕ ਜੀ ਪਹਿਲੀ ਉਦਾਸੀ ਦੌਰਾਨ ਹੀ ਲੰਕਾ ਪੁਜੇ । ਜਿਸ ਬਾਗ਼ ਠਹਿਰੇ, ਉਹ ਹਰਾ-ਭਰਾ ਹੋ ਗਿਆ । ਮਹਾਰਾਜ ਨੇ 'ਮੈਂ' ਨੂੰ ਛਡਣ ਲਈ ਕਿਹਾ । ਇਹ 'ਮੈਂ' ਹੀ ਹੈ, ਜੋ ਪ੍ਰਭੂ ਅੰਦਰ ਨਹੀਂ ਟਿਕਣ ਦੇਂਦੀ ।

ਰਾਜਾ ਨੇ 'ਰਿਦਾ ਸੁਧ ਕੈਸੇ ਹੋਏ' ਪੁਛਿਆ ਤਾਂ ਮਹਾਰਾਜ ਨੇ ਫ਼ੁਰਮਾਇਆ :

ਰਿਦਾ ਸੁਧ ਹੋਵੇ ਜੇ ਮਨ ਕਰਕੇ ਕਿਸੇ ਦਾ ਬੁਰਾ ਨਾ ਚਿਤਵੇ । ਤਨ ਕਰ ਕੇ ਵੀ ਕਿਸੇ ਕੋ ਨਾ ਦੁਖਾਵੇ ।
ਦੁਖ ਸੁਖ ਵਿਚ ਧੀਰਜ ਰਖੇ, ਚਿੰਤਾ ਲਾਇਕੈ ਦੁਖੀ ਨਾ ਹੋਵੇ, ਸੁਖ ਸਮੇਂ ਹੰਕਾਰੀ ਨਾ ਹੋਵੇ, ਧੀਰਜੀ ਹੋਵੇ,।
ਝੂਠ ਨਾ ਬੋਲੇ । ਜਗਤ ਕੇ ਪਦਾਰਥੋਂ ਕੋ ਝੂਠਾ ਜਾਣੇ । ਕਾਮ ਦਾ ਜ਼ੋਰ ਨਾ ਪੈਣ ਦੇਵੇ । ਖਿਮਾ ਰਖੇ । ਕੋਈ ਕਉੜਾ ਬਚਨ ਕਹੇ ਤਾਂ ਸਹਿ ਜਾਵੇ । ਇੰਦ੍ਰੀਆਂ ਵੱਸ ਰਖੇ । ਦੁਖੀਏ ਤੇ ਭੁਖੇ-ਨੰਗੇ-ਤਿਹਾਏ ਨੂੰ ਵੇਖ ਕੇ ਕੁਝ ਦੇਵੇ, ਜੇ ਨਹੀਂ ਤਾਂ ਧੀਰਜ ਜ਼ਰੂਰ ਦੇਵੇ । ਕੋਮਲ-ਚਿਤ ਰਵ੍ਹੇ । ਆਹਾਰ ਭੋਜਨ ਮਰਯਾਦਾ ਦਾ ਖਾਵੇ । ਸਰੀਰ ਦੀ ਬਣਾਵਟ ਵਿਚ ਹੀ ਨਾ ਰਵ੍ਹੇ । ਨਾਮ ਜਪੇ, ਸੰਤੋਖੀ ਹੋਵੇ, ਆਸਤਕ ਬੁਧੀ ਰਖੇ । ਰੋਜ਼ ਕੁਝ ਦੇਵੇ, ਭਾਵੇਂ ਇਕ ਬੁਕ ਆਟਾ ਹੀ ਹੋਵੇ । ਇਸ ਤਰ੍ਹਾਂ ਸੁਭਾਵ ਬਣਿਆ ਰਹਿੰਦਾ ਹੈ, ਚਿਤ ਉਦਾਰ ਹੁੰਦਾ ਹੈ, ਪਰਮੇਸ਼ਰ ਦੀ ਕਿਰਪਾ ਹੁੰਦੀ ਹੈ । ਪਰਮੇਸ਼ਰ ਦਾ ਜੱਸ ਜ਼ਰੂਰ ਕਰਨਾ । ਕੀਰਤਨ ਕਥਾ ਜ਼ਰੂਰ ਸੁਣਨਾ, ਉਸ ਪਾਸੋਂ ਜੋ ਪੱਖ ਬਿਨਾਂ ਹੋਵੇ, ਨਿਮ੍ਰਤਾਵਾਨ ਹੋਵੇ, ਮਿਠ-ਬੋਲਾ ਹੋਵੇ, ਪਖੰਡੀ ਨਾ ਹੋਵੇ । ਸ਼ਰਮ ਪਾਲਣੀ । ਨਿਤ ਨੇਮ ਨਾਲ ਜਾਪ ਕਰੇ । ਨਿਸਚਾ ਇਕ ਥਾਂ ਹੀ ਰਖੇ । ਮਨ ਉਨਮਨਿ ਰਖੇ । 'ਉਨਮਨਿ' ਦੀ ਵਿਆਖਿਆ ਕਰਦੇ ਕਿਹਾ ਕਿ ਹਠ-ਯੋਗੀ ਉਨਮਨ ਨੂੰ ਇਕ ਮੁਦਰਾ ਹੀ ਜਾਣਦੇ ਹਨ, ਪਰ ਉਨਮਨਿ ਉਸ ਰੌ ਦਾ ਨਾਮ ਹੈ, ਜਦੋਂ ਸਿਮਰਨ ਇਕ-ਤਾਰ ਸਹਿਜ ਸੁਭਾ ਟੁਰੇ । ਚਿਤ ਖਿੜਿਆ ਰਹਿੰਦਾ ਹੈ । ਆਪਣਾ ਆਪ ਉੱਚਾ, ਖਿੜਿਆ, ਰਸ-ਭਰਿਆ, ਪਰ ਹਉਂ ਤੋਂ ਰਹਿਤ । ਬੇਖ਼ੁਦੀ, ਸੁਆਦ, ਖੇੜ, ਸਰੂਰ, ਖਿੱਚ, ਰਸ, ਯਾਦਾਂ ਪਿਆਰ ਦੀਆਂ, ਦਾ ਇਕੋ ਥਾਵੇਂ ਟਿਕਾਣਾ ਹੁੰਦਾ ਹੈ, ਪਰ ਰੰਗ ਲੁਭਾ ਰਖਣ ਵਾਲਾ ।

'ਪ੍ਰਾਣ ਸੰਗਲੀ' ਜੋ ਲੰਕਾ ਤੋਂ ਗੁਰੂ ਅਰਜਨ ਦੇਵ ਜੀ ਨੇ ਇਕ ਸਿਖ ਨੂੰ ਭੇਜ ਕੇ ਮੰਗਵਾਈ ਸੀ, ਉਸ ਦੇ ਸ਼ਬਦ ਇਸ ਪ੍ਰਕਾਰ ਹਨ :

ਉਨਮਨਿ ਸੁੰਨ, ਸੁੰਨ ਸਭ ਕਹੀਐ । ਉਨਮਨਿ ਹਰਖ ਸੋਗ ਨਹੀਂ ਰਹੀਐ ।
ਉਨਮਨਿ ਆਸਾ ਅੰਦੇਸਾ ਨਹੀਂ ਬਿਆਪਤ । ਉਨਮਨਿ ਵਰਨ ਚਿਹਨ ਨਹੀਂ ਜਾਪਤ ।
ਉਨਮਨਿ ਕਹਾ ਕੀਰਤ ਨਹੀਂ ਬਾਨੀ । ਉਨਮਨਿ ਰਹਤਾ ਸੁੰਨ ਧਿਆਨੀ ।
ਉਨਮਨਿ ਆਪਨਾ ਆਪ ਨਾ ਜਾਨਿਆ ।


www.AKJ.Org

# ਸਬਦੁ ਗੁਰ ਪੀਰਾ

[ਭਾਈ ਨਰੈਣ ਸਿੰਘ ਜੀ ਐਮ.ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਸਦੀਵਕਾਲ ਰਹਿਣ ਵਾਲੀ ਹਸਤੀ ਦਾ ਨਾਉਂ ਸਤਿਗੁਰੂ ਹੈ, ਜੋ ਕਦੀ ਜੰਮਦਾ ਮਰਦਾ ਨਹੀਂ, ਬਲਕਿ ਸਦਾ ਸਥਿਰ ਹੈ। ਜਿਹਾ ਕਿ—

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥੧੩॥ [ਸੂਹੀ ਮ: ੪—੭੫੯)

ਪ੍ਰੰਤੂ ਸਦਾ ਥਿਰ ਰਹਿਣ ਵਾਲੀ ਹੋਂਦ ਤਾਂ ਇਕੋ ਵਾਹਿਗੁਰੂ ਦੀ ਹੀ ਹੈ। ਇਸ ਲਈ ਮੰਨਣਾ ਪਵੇਗਾ ਕਿ ਸਤਿਗੁਰੂ ਅਤੇ ਵਾਹਿਗੁਰੂ ਇਕੋ ਇਕ ਹੋਂਦ ਦੇ ਦੋ ਵਖ ਵਖ ਨਾਉਂ ਤੇ ਵਖ ਵਖ ਰੂਪ ਹਨ, ਅਥਵਾ, ਵਾਹਿਗੁਰੂ ਦੀ ਅਦ੍ਰਿਸ਼ਟ ਹੋਂਦ ਦਾ ਪਰਤੱਖ ਜਾਂ ਦਿਸਦਾ ਰੂਪ ਸਤਿਗੁਰੂ ਹੈ। ਪਰੰਤੂ ਹਰ ਵਸਤੂ, ਜਿਸ ਨੂੰ ਅਸੀਂ ਇਨ੍ਹਾਂ ਅੱਖਾਂ ਨਾਲ ਵੇਖਦੇ ਹਾਂ, ਨਾਸ ਹੋ ਜਾਣ ਵਾਲੀ ਹੈ, ਇਸ ਲਈ ਇਸ ਨੂੰ ਅਸੀਂ ਅਬਿਨਾਸ਼ੀ ਜਾਂ ਨਾਸ-ਰਹਿਤ ਨਹੀਂ ਕਹਿ ਸਕਦੇ। ਇਸ ਕਰਕੇ ਗੁਰੂ ਜੀ ਦਸਦੇ ਹਨ ਕਿ ਸਤਿਗੁਰੂ ਨੂੰ ਮਨੁੱਖੀ ਦੇਹ ਵਾਲਾ ਰੂਪ ਕਰ ਕੇ ਨਾ ਮੰਨ, ਸਗੋਂ ਉਸ ਨੂੰ ਨਿਰੰਜਨ ਅਤੇ ਨਿਰੰਕਾਰ ਸਮਝ ਕੇ ਉਸ ਦੀ ਸੇਵਾ ਵਿਚ ਲਗ, ਉਸ ਨੂੰ ਦੂਜਾ ਨਾ ਸਮਝ—

ਦੂਜਾ ਨਾਹੀ ਜਾਨੈ ਕੋਇ ॥ ਸਤਿਗੁਰੁ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨ ॥੨॥੩੯॥[ਰਾਮਕਲੀ ਮ: ੫—੮੯੫)

ਗੁਰੂ ਦੀ ਮਨੁੱਖ ਦੇਹ ਰਾਹੀਂ ਵਾਹਿਗੁਰੂ ਦੀ ਜੋਤਿ ਪ੍ਰਕਾਸ਼ਮਾਨ ਹੈ, ਜਿਸ ਤਰ੍ਹਾਂ ਸ਼ਾਹੀ ਫ਼ੁਰਮਾਨ ਰਿਆਇਆ ਦੇ ਸਾਹਮਣੇ ਕਿਸੇ ਕਾਗਜ਼ ਪਰ ਲਿਖੇ ਕੁਝ ਅੱਖਰਾਂ ਦੇ ਰੂਪ ਵਿਚ ਆਉਂਦਾ ਹੈ, ਪਰੰਤੂ ਨਾ ਕੇਵਲ ਉਹ ਕਾਗਜ਼ ਫ਼ੁਰਮਾਨ ਹੈ ਅਤੇ ਨਾ ਉਸ ਕਾਗਜ਼ ਪਰ ਲਿਖੇ ਅੱਖਰ। ਫ਼ੁਰਮਾਨ ਤਾਂ ਉਹ ਹੈ ਜੋ ਵਰਤ ਰਿਹਾ ਹੈ, ਜਿਸ ਨੇ ਕਈ ਕੰਗਾਲਾਂ ਨੂੰ ਸ਼ਾਹ ਕਰ ਦਿਤਾ ਹੈ, ਬੰਦੀ ਵਿਚ ਪਇਆਂ ਦੀਆਂ ਬੰਦੀਆਂ ਕਟ ਦਿਤੀਆਂ ਹਨ, ਰੇਤਲੇ ਥਲਾਂ ਨੂੰ ਸਬਜ਼ਾ ਬਣਾ ਦਿਤਾ ਹੈ। ਇਸੇ ਤਰ੍ਹਾਂ ਗੁਰੂ ਦੀ ਪਰਤੱਖ ਦਿਸਦੀ ਦੇਹ ਰਾਹੀਂ ਵਾਹਿਗੁਰੂ ਨੇ ਆਪਣਾ ਫ਼ੁਰਮਾਨ (ਹੁਕਮ) ਵਰਤਾਇਆ ਹੋਇਆ ਹੈ—

ਗੁਰ ਮਹਿ ਆਪੁ ਸਮੋਇ ਸਬਦ ਵਰਤਾਇਆ ॥੨॥ [ਮਲਾਰ ਵਾਰ ਮ: ੧—੧੨੭੯

ਫਿਰ ਆਪ ਫ਼ੁਰਮਾਂਦੇ ਹਨ ਕਿ ਕਰਤਾਰ ਨੇ ਕਰੋੜਾਂ ਤੇ ਅਸੰਖਾਂ ਲੋਕਾਂ ਦਾ ਉਧਾਰ ਕਰਨ ਲਈ ਆਪਣੇ ਆਪ ਨੂੰ ਗੁਰੂ ਰਾਹੀਂ ਪਰਗਟ ਕੀਤਾ ਹੈ—

ਗੁਰ ਮਹਿ ਆਪੁ ਰਖਿਆ ਕਰਤਾਰੇ ॥ ਗੁਰਮੁਖਿ ਕੋਟਿ ਅਸੰਖ ਉਧਾਰੇ ॥੧੫॥
[ਮਾਰੂ ਮ: ੧, ਪੰਨਾ ੧੦੨੪

ਅਤੇ, ਵਾਹਿਗੁਰੂ ਸਤਿਗੁਰੂ ਰਾਹੀਂ ਪਰਤੱਖ ਹੋ ਕੇ ਲੋਕਾਂ ਨੂੰ ਅਮਰ ਕਰ ਦੇਣ ਵਾਲੇ ਬਚਨ ਸੁਣਾਉਂਦਾ ਹੈ—

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥੫॥੪॥
[ਮਲਾਰ ਮ: ੫—੧੨੬੪

ਸੋ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਗੁਰੂ ਜਾਂ ਸਤਿਗੁਰੂ ਆਪਣੇ ਆਦਿ ਰੂਪ ਵਿਚ ਉਸੇ ਜੋਤਿ ਦਾ ਨਾਮ ਹੈ ਜੋ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਦੀ ਜੋਤਿ ਹੈ। ਇਹੋ ਜੋਤਿ ਗੁਰੂ ਨਾਨਕ ਦੀ ਅਗਵਾਈ ਕਰਨ ਵਾਲੀ, ਅਥਵਾ, ਗੁਰੂ ਨਾਨਕ ਦਾ ਆਪਣਾ ਗੁਰੂ ਸੀ। ਆਪ ਨੇ ਫ਼ੁਰਮਾਇਆ ਹੈ—

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥
[ਸੋਰਠਿ ਮ: ੧, ਪੰਨਾ ੫੯੯

ਇਹੋ ਜੋਤਿ ਗੁਰੂ ਨਾਨਕ ਦੇ ਮਨੁੱਖੀ ਰੂਪ ਅੰਦਰ ਸੰਸਾਰ ਤੇ ਆਈ—



www.AKJ.Org

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ॥੧॥ [ਮਥੁਰਾ ਭੱਟ, ੧੪੦੮

ਹੁਣ ਅਸਾਂ ਵੇਖਣਾ ਹੈ ਕਿ ਜੋ ਰੌਸ਼ਨੀ ਗੁਰੂ ਆਤਮਾਵਾਂ ਨੇ ਪਾਰਬ੍ਰਹਮ ਵਾਹਿਗੁਰੂ ਤੋਂ ਲਈ, ਉਹ ਮਨੁੱਖਤਾ ਅੰਦਰ ਕਿਵੇਂ ਸੰਚਰੀ, ਅਥਵਾ, ਗੁਰੂ ਨਾਨਕ ਨੇ ਵਾਹਿਗੁਰੂ ਪਾਸੋਂ ਜੋ ਕੁਝ ਪਾਇਆ, ਉਹ ਮਨੁੱਖਤਾ ਤਕ ਕਿਵੇਂ ਪਹੁੰਚਾਇਆ ਗਿਆ । ਇਸ ਦਾ ਸਾਧਨ ਸੀ ਗੁਰੂ ਦਾ ਸ਼ਬਦ । ਗੁਰੂ ਨਾਨਕ ਨੇ ਉਹ ਕੁਝ ਕਹਿਆ, ਜੋ ਵਾਹਿਗੁਰੂ ਵਲੋਂ ਮਨੁੱਖਤਾ ਨੂੰ ਦਸਣ ਹਿਤ ਉਨ੍ਹਾਂ ਨੂੰ ਕਿਹਾ ਗਿਆ । ਆਪ ਕਹਿੰਦੇ ਹਨ—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥੧॥

[ਤਿਲੰਗ ਮ: ੧, ਪੰਨਾ ੭੨੨

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸੇ ਖ਼ਿਆਲ ਨੂੰ ਇਉਂ ਵਰਣਿਆ—

ਹਉ ਆਪਹੁ ਬੋਲਿ ਨ ਜਾਣਦਾ ਮੈਂ ਕਹਿਆ ਸਭੁ ਹੁਕਮਾਉ ਜੀਉ ॥੩॥ [ਸੂਹੀ, ੭੬੩

ਗੁਰੂ ਰਾਮਦਾਸ ਜੀ ਨੇ ਵੀ ਕਿਹਾ ਹੈ—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥ [ਮ: ੪—੩੦੮

ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ—

ਕਹਿਓ ਪ੍ਰਭੂ ਸੁ ਭਾਖਿ ਹੌਂ ॥੩੪॥ [ਬਚਿਤ੍ਰ ਨਾਟਕ, ਅਧਿ: ੬

ਇਨ੍ਹਾਂ ਕਥਨਾਂ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਜੋ ਬਾਣੀ ਰਚੀ, ਜਾਂ ਜੋ ਸ਼ਬਦ ਉਚਾਰਨ ਕੀਤਾ, ਉਸ ਵਿਚ ਉਹੋ ਗਿਆਨੁ ਭਰਿਆ, ਜੋ ਵਾਹਿਗੁਰੂ ਵਲੋਂ ਆਪ ਤੇ ਬਖਸ਼ਸ਼ ਹੋਇਆ, ਅਥਵਾ, ਇਹ ਬਾਣੀ ਜਾਂ ਸ਼ਬਦ ਹੀ ਉਹ ਰੌਸ਼ਨੀ ਸੀ, ਜੋ ਗੁਰੂ ਜੀ ਵਾਹਿਗੁਰੂ ਵਲੋਂ ਮਨੁੱਖਤਾ ਨੂੰ ਦੇ ਰਹੇ ਸਨ—

ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ਰਹਾਉ॥

[ਬਿਲਾਵਲੁ ਮ: ੫, ਪੰਨਾ ੮੨੧

ਅਥਵਾ, ਸਤਿਗੁਰੂ ਦੇ ਸ਼ਬਦ ਰੂਪ ਦੀਵੇ ਦੇ ਪ੍ਰਕਾਸ਼ ਤੋਂ ਮਨ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਵਾਹਿਗੁਰੂ ਦੇ ਗੁਣਾਂ ਰੂਪੀ ਰਤਨਾਂ ਦੀ ਕੋਠੀ ਖੁਲ੍ਹ ਜਾਂਦੀ ਹੈ, ਅਰਥਾਤ, ਵਾਹਿਗੁਰੂ ਦੇ ਗੁਣਾਂ ਦੀ ਸੂਝ ਪੈਂਦੀ ਹੈ। ਸਤਿਗੁਰੂ ਦਾ ਸ਼ਬਦ ਹੀ ਉਹ ਗਿਆਨ ਹੈ, ਜਿਸ ਨੂੰ ਅਸੀਂ ਵਾਹਿਗੁਰੂ ਦਾ ਗਿਆਨ ਕਹਿੰਦੇ ਹਾਂ।

ਗੁਰੂ ਸਾਹਿਬਾਨ ਦੀ ਬਾਣੀ ਜਾਂ ਸ਼ਬਦ ਉਨ੍ਹਾਂ ਦੇ ਅੰਦਰਲੇ ਗਿਆਨ ਦਾ ਪ੍ਰਗਟਾਵਾ ਹਨ । ਜੋ ਰੌਸ਼ਨੀ ਆਪ ਦੇ ਅੰਦਰ ਹੈ, ਉਹ ਆਪ ਦੇ ਸ਼ਬਦਾਂ ਰਾਹੀਂ ਮਨੁੱਖਤਾ ਉਤੇ ਪ੍ਰਗਟ ਹੋਈ ਹੈ, ਅਥਵਾ, ਇਹ ਸ਼ਬਦ ਹੀ ਉਹ ਗਿਆਨ ਹੈ ਜਿਸ ਰਾਹੀਂ ਵਾਹਿਗੁਰੂ ਦਾ ਜ਼ਹੂਰ ਸਾਡੇ ਪਰ ਹੁੰਦਾ ਹੈ। ਅਸੀਂ ਵੇਖ ਚੁਕੇ ਹਾਂ ਕਿ ਗੁਰੂ ਦਾ ਮਨੁੱਖੀ ਸਰੀਰ ਗੁਰੂ ਨਹੀਂ, ਬਲਕਿ ਗੁਰੂ ਦੀ ਜੋਤਿ ਹੀ ਗੁਰੂ ਹੈ ਅਤੇ ਇਸ ਜੋਤਿ ਦਾ ਪ੍ਰਗਟਾਵਾ ਸ਼ਬਦ ਰਾਹੀਂ ਹੁੰਦਾ ਹੈ। ਅਥਵਾ, ਗੁਰੂ ਦੇ ਗਿਆਨ ਦਾ ਦੇਣਹਾਰਾ ਗੁਰੂ ਦਾ ਸ਼ਬਦ ਹੈ। ਸੋ ਸ਼ਬਦ ਹੀ ਉਹ ਗਿਆਨ ਹੈ, ਜੋ ਵਾਸਤਵ ਵਿਚ ਗੁਰੂ ਹੈ।

ਦਸਮ ਪਾਤਸ਼ਾਹ ਜੀ ਦੇ ਫ਼ੁਰਮਾਨ "ਗਿਆਨ ਗੁਰੂ ਆਤਮ ਉਪਦੇਸਹੁ" ਅਨੁਸਾਰ ਗਿਆਨ ਰੂਪੀ ਗੁਰੂ ਮਨ ਦਾ ਉਪਦੇਸ਼-ਦਾਤਾ ਹੈ। ਗੁਰੂ ਰਾਮਦਾਸ ਜੀ ਭੀ ਸ਼ਬਦ ਜਾਂ ਬਾਣੀ ਨੂੰ ਹੀ ਮਨੁੱਖ ਦਾ ਗੁਰੂ ਦਸਦੇ ਹਨ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥੫॥ [ਨਟ ਮ: ੪—੯੮੨

ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰ ਮੂਰਤਿ ਗੁਰ ਸਬਦੁ ਹੈ...ਵਾਰ ੨੪, ਪਉੜੀ ੧੧, ੨੫


www.AKJ.Org

ਅਥਵਾ, ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤ (Personality) ਹੈ। ਗੁਰੂ ਦੀ ਦੇਹ ਦੇ ਦਰਸ਼ਨ ਅਤੇ ਗੁਰੂ ਦੇ ਸ਼ਬਦ, ਇਨ੍ਹਾਂ ਦੋਹਾਂ ਦੇ ਆਪੋ ਆਪਣੇ ਪ੍ਰਭਾਵ ਦਾ ਨਿਰਣਾ ਗੁਰੂ ਅਮਰਦਾਸ ਜੀ ਬੜੀ ਸਪੱਸ਼ਟਤਾ ਨਾਲ ਇਉਂ ਕਰਦੇ ਹਨ—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥੨੧॥ [ਸਲੋਕ ਮ: ੩—੫੯੪

ਗਿਆਨ ਅਥਵਾ ਵਾਹਿਗੁਰੂ ਦੇ ਗੁਣਾਂ ਦੀ ਸੂਝ ਤਾਂ ਗੁਰੂ ਦਾ ਸ਼ਬਦ ਸੁਣਨ ਅਤੇ ਸ਼ਬਦ ਦੀ ਵੀਚਾਰ ਕਰਨ ਤੋਂ ਪੈਦਾ ਹੁੰਦੀ ਹੈ, ਨਾ ਕਿ ਗੁਰੂ ਦੇ ਸਰੀਰਕ ਤਥਾ ਮੂਰਤਕ ਦਰਸ਼ਨ ਤੋਂ। ਇਸੇ ਲਈ ਸ਼ਬਦ ਨੂੰ ਹੀ ਗੁਰੂ ਕਹਿਣਾ ਵਾਜਬ ਹੈ। ਫਿਰ ਸਰੀਰ ਜਾਂ ਮੂਰਤੀ ਨਾਸ ਹੋ ਜਾਣ ਵਾਲੀਆਂ ਚੀਜ਼ਾਂ ਹਨ, ਜੇਕਰ ਅਸਾਂ ਇਨ੍ਹਾਂ ਨੂੰ ਗੁਰੂ ਮੰਨ ਲਿਆ ਤਾਂ ਇਨ੍ਹਾਂ ਦੇ ਨਾਸ ਹੋ ਜਾਣ ਤੇ ਸਾਨੂੰ ਫਿਰ ਗੁਰੂ ਦੀ ਲੋੜ ਰਹੇਗੀ, ਅਤੇ ਜੋ ਗੁਰੂ ਆਪ ਨਾਸ਼ਮਾਨ ਹੈ ਉਹ ਸਾਨੂੰ ਕੀ ਬਚਾਵੇਗਾ। ਗੁਰੂ ਤਾਂ ਉਹ ਚਾਹੀਏ—

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥੧੩॥ [ਪੰਨਾ ੭੫੯

ਐਸਾ ਸਤਿਗੁਰੂ ਤਾਂ ਸ਼ਬਦ ਤਥਾ ਗੁਰੂ ਦਾ ਬਚਨ ਜਾਂ ਉਪਦੇਸ਼ ਹੀ ਹੋ ਸਕਦਾ ਹੈ, ਜੋ ਸਦੀਵ ਕਾਲ ਕਾਇਮ ਰਹਿੰਦਾ ਹੈ।

ਸਤਿਗੁਰੂ ਦਾ ਸ਼ਬਦ ਸਦਾ ਤੇ ਸਤਿ ਹੈ, ਅਤੇ ਸ਼ਬਦ ਹੀ ਸਤਿਗੁਰੂ ਦੀ ਹੋਂਦ ਦਾ ਪਰਤਖ ਚਿੰਨ੍ਹ ਹੈ, ਅਥਵਾ, ਸਾਡੇ ਵਿਚ ਸਤਿਗੁਰੂ ਆਪਣੇ ਸ਼ਬਦ ਦੁਆਰਾ ਹੀ ਪਰਗਟ ਹੈ। ਅਜਿਹੇ ਸ਼ਬਦ ਦਾ ਭੰਡਾਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਭੰਡਾਰ ਨੂੰ ਭਰਨ ਹਿਤ ਸਮੇਂ ਸਮੇਂ ਗੁਰੂ ਸਾਹਿਬਾਨ ਨੇ ਇਸ ਵਿਚ ਹਿੱਸਾ ਪਾਇਆ ਅਤੇ ਜਿਸ ਦਾ ਸੰਪਾਦਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਗੱਦੀ ਇਸੇ ਸ਼ਬਦ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪਦੇ ਹੋਏ, ਇਸ ਨੂੰ 'ਪ੍ਰਗਟ ਗੁਰਾਂ ਕੀ ਦੇਹ' ਦਸਿਆ ਅਤੇ ਕਿਹਾ ਕਿ ਪ੍ਰਭੂ ਮਿਲਣ ਦਾ ਵਸੀਲਾ ਇਸ ਵਿਚ ਦਰਜ ਸ਼ਬਦ ਦੀ ਵਿਚਾਰ ਹੈ। ਜਿਸ ਤਰ੍ਹਾਂ ਸਤਿਗੁਰੂ ਨੂੰ "ਹਰਿ ਦਰਗਹ ਕਾ ਬਸੀਠੁ", ਅਥਵਾ, ਹਰੀ ਨਾਲ ਮੇਲ ਕਰਾਉਣ ਵਾਲਾ ਵਿਚੋਲਾ ਕਿਹਾ ਗਿਆ ਹੈ, ਉਸੀ ਤਰ੍ਹਾਂ ਸ਼ਬਦ ਪ੍ਰਭੂ ਨੂੰ ਮਿਲਣ ਦਾ ਵਸੀਲਾ ਹੈ। ਬਲਕਿ ਗੁਰੂ ਜੀ ਫ਼ੁਰਮਾਂਦੇ ਹਨ ਕਿ ਪਰਮੇਸ਼ਰ ਦਾ ਵਾਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ—

ਪੋਥੀ ਪਰਮੇਸਰ ਕਾ ਥਾਨੁ ॥ [ਸਾਰੰਗ ਮ: ੫—੧੨੨੬

ਅਤੇ ਗੁਰੂ ਦੀ ਬਾਣੀ 'ਸਤਿ ਸਰੂਪ' ਅਤੇ 'ਬ੍ਰਹਮ' ਹੈ—

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥੯॥
[ਗਉੜੀ ਵਾਰ ਮ: ੪—੩੦੪

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥੪॥੩੦॥੬੩॥
[ਸਿਰੀ ਰਾਗੁ ਮ: ੩—੩੯

ਇਸੇ ਬਾਣੀ ਅਥਵਾ ਗੁਰੂ-ਸ਼ਬਦ ਦੇ ਜਾਪ ਨੂੰ ਹੀ ਸ੍ਰੇਸ਼ਟ ਤੇ ਖ਼ਾਲਸ ਭਗਤੀ ਕਿਹਾ ਹੈ—

ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥੪॥੨੮॥੩੯॥
[ਰਾਮਕਲੀ ਮ: ੫—੮੯੫

ਅਤੇ ਗੁਰੂ ਦਾ ਸ਼ਬਦ (ਬਚਨ) ਹੀ ਮੰਤਰ ਹੈ, ਇਸ ਨੂੰ ਵਾਰ ਵਾਰ ਜਪੋ, ਇਹੋ ਸ੍ਰੇਸ਼ਟ ਭਗਤੀ ਦਾ ਨਿਚੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਵਿਚਾਰ ਅਤੇ ਕੀਰਤਨ ਦੁਆਰਾ ਇਸ ਵਿਚ ਰਸ-ਲੀਨ ਹੋਣ ਨਾਲ ਨਾਮ-ਰਸ ਵਿਚ ਲੀਨ ਹੋਣਾ ਹੈ। ਗੁਰੂ ਬਾਣੀ ਦਾ ਪਿਆਰ ਨਾਮ ਦਾ ਪਿਆਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਨਾਮ ਦਾ ਸਤਿਕਾਰ ਹੈ। ਇਹੋ ਕਾਰਨ ਹੈ ਕਿ ਸਿੱਖੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦਾ


www.AKJ.Org

ਵਡੀ ਮਹਾਨਤਾ ਹੈ। ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਸਤਿਕਾਰ ਨਹੀਂ, ਉਹ ਸਿੱਖੀ ਥੋਥੀ ਹੈ, ਉਹ ਭੇਖ ਹੈ, ਸਿੱਖੀ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਤੁੱਲ ਕਿਸੇ ਵਿਅਕਤੀ ਜਾਂ ਮਨੁੱਖ ਨੂੰ ਥਾਂ ਦੇਣੀ ਸਿੱਖੀ ਤੋਂ ਬੇਮੁਖ ਹੋਣਾ ਹੈ। ਗੁਰਸਿਖ ਦੀ ਨਜ਼ਰ ਵਿਚ ਕੋਈ ਮਨੁੱਖ, ਭਾਵੇਂ ਉਹ ਕਿਤਨਾ ਵਡਾ ਆਤਮਾ ਭੀ ਕਿਉਂ ਨ ਹੋਵੇ, ਗੁਰੂ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਲਨਾ ਨਹੀਂ ਰਖਦਾ—

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥੪॥੨੦॥੯੦॥

[ਸਿਰੀਰਾਗੁ ਮ: ੫—ਪੰਨਾ ੫੦

ਇਸੇ ਲਈ ਗੁਰਮਤਿ ਅੰਦਰ ਸ਼ਖ਼ਸੀ ਗੁਰੂ ਦੀ ਕੋਈ ਥਾਂ ਨਹੀਂ। ਗੁਰੂ ਪਦਵੀ ਕੇਵਲ ਅਤੇ ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਗੁਰ-ਸ਼ਬਦ ਨੂੰ ਹੀ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੂਰਨ ਸਤਿਕਾਰ ਨਾਲ ਗੁਰੂ ਬਾਣੀ ਦੇ ਪਾਠ, ਸ਼ਬਦ ਵਿਚਾਰ ਅਤੇ ਕੀਰਤਨ ਵਿਚ ਜੁੜਨਾ ਗੁਰੂ ਦੀ ਸੰਗਤ ਹੈ। ਇਹੋ ਸਤਿ ਸੰਗਤ, ਸੰਤ ਸੰਗਤ ਜਾਂ ਸਾਧ ਸੰਗਤ ਹੈ।

ਅੱਜ ਕਲ੍ਹ ਸਨਮਾਨ ਦੇ ਖਿਆਲ ਤੋਂ ਅਸੀਂ ਭਲੇ ਪੁਰਖਾਂ ਨੂੰ ਆਮ ਤੌਰ ਤੇ ਸੰਤ ਜਾਂ ਸਾਧ ਕਹਿਣ ਲਗ ਜਾਂਦੇ ਹਾਂ। ਗੁਰਮਤਿ ਵਿਚ ਸੰਤ ਜਾਂ ਸਾਧ ਬਹੁਤ ਮਹੱਤਵ-ਪੂਰਨ ਸ਼ਬਦ ਹਨ। ਇਥੋਂ ਤਕ ਕਿ ਸਤਿਗੁਰੂ ਜੀ ਨੇ ਇਨ੍ਹਾਂ ਦੀ ਵਡਿਆਈ ਵਿਚ "ਨਾਨਕ ਸਾਧ ਪ੍ਰਭ ਭੇਦੁ ਨ ਭਾਈ"* ਤਕ ਕਥਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਤ ਦੇ ਲਛਣ ਇਸ ਤਰ੍ਹਾਂ ਕੀਤੇ ਹਨ—

ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥
ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥੮੮॥

[ਆਸਾ ਮ: ੫—੩੯੨

ਸੰਤ ਉਹ ਹੈ ਜੋ ਸਦੀਵਕਾਲ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਜਾਣਦਾ ਹੈ, ਉਸ ਦੇ ਹੁਕਮ ਅੰਦਰ ਖਿੜਿਆ ਰਹਿੰਦਾ ਹੈ। ਨਿਮਰਤਾ ਦਾ ਪੁੰਜ ਤੇ ਨਾਮ ਦੇ ਅਧਾਰ ਵਾਲਾ, ਮਿੱਤਰ ਤੇ ਵੈਰੀ ਲਈ ਸਮ-ਦ੍ਰਿਸ਼ਟੀ ਰਖਣ ਵਾਲਾ, ਕਰੋੜਾਂ ਪਾਪਾਂ ਤੇ ਦੋਖਾਂ ਦੇ ਕਟਣ ਵਾਲਾ, ਸੂਰਮਾ, ਬੋਲ ਤੋਲ ਦਾ ਪੂਰਾ ਅਤੇ ਮਾਇਆ ਮੋਹ ਆਦਿ ਉਤੇ ਵਸੀਕਾਰ ਰਖਣ ਵਾਲਾ। ਸੰਤ ਦੀ ਰਹਿਤ ਵਡਿਆਈ ਤੋਂ ਪਰੇ ਹੈ। ਜੋ ਸਜਣ ਆਪਣੀ ਰਹਿਣੀ ਅਤੇ ਕਰਣੀ ਕਰਕੇ ਉਕਤ ਕਸਵੱਟੀ ਤੇ ਪੂਰੇ ਨਹੀਂ ਉਤਰਦੇ, ਉਨ੍ਹਾਂ ਨੂੰ ਸਾਧ ਜਾਂ ਸੰਤ ਕਹਿਣਾ ਅਤਿ ਦਰਜੇ ਦੀ ਕਮਜ਼ੋਰੀ ਹੈ। ਅਜਿਹੇ ਲੋਕ ਸਾਡੀ ਇਸ ਕਮਜ਼ੋਰੀ ਦਾ ਲਾਭ ਉਠਾਂਦੇ ਹੋਏ ਆਪਣੇ ਆਪ ਨੂੰ ਠੀਕ ਹੀ ਸੰਤ ਮੰਨ ਲੈਂਦੇ ਹਨ, ਬਲਕਿ ਕਈ ਤਾਂ ਆਪਣੇ ਆਪ ਨੂੰ ਗੁਰੂ-ਅਵਤਾਰ ਜਾਂ ਨਿਰੰਕਾਰ ਹੀ ਕਹਿਲਾਉਣ ਲਗ ਜਾਂਦੇ ਹਨ, ਜਿਸ ਦੀ ਪੁਸ਼ਟੀ ਉਹ ਕਿਸੇ ਇਕ-ਅਧ ਐਸੇ ਕੰਮ ਤੋਂ ਕਰਾ ਦੇਂਦੇ ਹਨ, ਜੋ ਕਈ ਵਾਰ ਤਾਂ ਇਤਫ਼ਾਕੀਆਂ ਰਾਸ ਆ ਜਾਂਦਾ ਹੈ ਜਾਂ ਜਿਸ ਦੇ ਕਰਨ ਦਾ ਉਨ੍ਹਾਂ ਕੋਈ ਸਾਧਨ ਪਕਾਇਆ ਹੁੰਦਾ ਹੈ, ਜਿਵੇਂ ਕਿ ਮੈਸਮਰੇਜ਼ਮ ਦਾ ਜੰਤਰੀ ਕਿਸੇ ਦੂਸਰੇ ਉਤੇ ਆਪਣਾ ਪ੍ਰਭਾਵ ਪਾ ਕੇ ਉਸ ਪਾਸੋਂ ਜੋ ਚਾਹੇ, ਕਰਾ ਜਾਂ ਅਖਵਾ ਲੈਂਦਾ ਹੈ।

---

*ਸੁਖਮਨੀ ਸਾਹਿਬ, ॥੮॥੭॥ ਪੰਨਾ ੨੭੨



www.AKJ.Org

# ਗੁਰਦੁਆਰਾ ਗੁਰੂ ਨਾਨਕ ਲਾਮਾ ਸਾਹਿਬ, ਚੁੰਗਥਾਂਗ

[ਸ: ਜਸਵੰਤ ਸਿੰਘ ਜੀ 'ਅਜੀਤ']

ਸਿਕਿਮ ਦੀ ਰਾਜਧਾਨੀ ਗੰਗਟੋਕ ਤੋਂ ੯੫ ਕਿਲੋਮੀਟਰ ਉੱਤਰ ਵਲ ਤਿੰਨ ਪਹਾੜੀਆਂ ਅਤੇ ਦੋ ਦਰਿਆਵਾਂ ਨਾਲ ਘਿਰੀ ੨੫-੩੦ ਏਕੜ ਦੀ ਪੱਧਰੀ ਧਰਤੀ ਤੇ ਵਸਿਆ ਇਕ ਪਿੰਡ ਚੁੰਗਥਾਂਗ ਹੈ। ਇਸ ਪਿੰਡ ਦੇ ਵਾਸੀਆਂ ਵਲੋਂ ੧੭ਵੀਂ ਆਸਾਮ ਰਾਈਫ਼ਲਸ ਦੀ ਸਹਾਇਤਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁੰਮਫਾ ਦੇ ਰੂਪ ਵਿਚ ਇਕ ਝੌਂਪੜੀ-ਨੁਮਾ ਗੁਰਦੁਆਰਾ ਸਥਾਪਤ ਕੀਤਾ ਗਿਆ ਹੋਇਆ ਹੈ, ਜਿਸ ਦਾ ਨਾਂ ਗੁਰਦੁਆਰਾ ਗੁਰੂ ਨਾਨਕ ਲਾਮਾ ਸਾਹਿਬ ਹੈ।

ਇਸ ਗੁਰਦੁਆਰੇ ਦੇ ਦਰਸ਼ਨ ਕਰ ਕੇ ਆਏ ਇਕ ਸੈਨਿਕ ਅਫ਼ਸਰ ਸ: ਸ਼ੇਰ ਸਿੰਘ ਸਿਧੂ ਨੇ ਦਸਿਆ ਕਿ ਚੁੰਗਥਾਂਗ ਪਿੰਡ ਦੇ ਵਾਸੀਆਂ ਦੀ ਮਾਨਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਚੌਥੀ ਉਦਾਸੀ ਦੇ ਦੌਰਾਨ ਚੀਨ ਅਤੇ ਤਿੱਬਤ ਵਲ ਨੂੰ ਜਾਂਦੇ ਹੋਏ ਆਸਾਮ ਰਾਹੀਂ ਸਿਕਿਮ ਪੁਜੇ ਸਨ। ਇਕ ਰਾਤ ਉਨ੍ਹਾਂ ਗੰਗਟੋਕ ਕੱਟੀ। ਉਥੇ ਉਹ ਉੱਤਰ ਪੂਰਬ ਵਲ ਵਧਦੇ ਯੁਗਥਾਂਗ ਪੁਜੇ, ਜੋ ਸਮੁੰਦਰ ਤੋਂ ੧੭ ਹਜ਼ਾਰ ਫੁਟ ਦੀ ਉਚਾਈ ਤੇ ਬਹੁਤ ਹੀ ਠੰਡੇ ਖੇਤਰ ਵਿਚ ਵਸਿਆ ਹੋਇਆ ਹੈ।

ਇਥੋਂ ਗੁਰੂ ਸਾਹਿਬ ਚੁੰਗਥਾਂਗ ਪਿੰਡ ਵਿਚ ਪੁਜੇ, ਜਿਥੇ ਉਹਨਾਂ ਨੇ ਦੋ ਰਾਤਾਂ ਬਿਤਾਈਆਂ। ਇਸ ਪਿੰਡ ਵਿਚ ੩੦ ਫੁਟ ਘੇਰੇ ਵਾਲਾ ਇਕ ਭਾਰੀ ਗੋਲ ਪੱਥਰ ਹੈ। ਇਸ ਬਾਰੇ ਪਿੰਡ ਦੇ ਵਾਸੀਆਂ ਦਾ ਕਹਿਣਾ ਹੈ ਕਿ ਜਦੋਂ ਗੁਰੂ ਸਾਹਿਬ ਇਸ ਪਿੰਡ ਵਿਚ ਪੁਜੇ ਤਾਂ ਅਸੁਰਾਂ (ਰਾਕਸ਼ਸ਼ਾਂ) ਨੇ ਗੁਰੂ ਸਾਹਿਬ ਪੁਰ ਇਹ ਭਾਰੀ ਪੱਥਰ ਸੁਟਿਆ, ਜੋ ਗੁਰੂ ਜੀ ਦੇ ਉਪਰ ਡਿਗਣ ਦੀ ਬਜਾਏ ਉਹਨਾਂ ਦੇ ਚਰਨਾਂ ਵਿਚ ਡਿਗ ਪਿਆ। ਗੁਰੂ ਸਾਹਿਬ ਇਸ ਪੁਰ ਚੜ੍ਹ ਕੇ ਬੈਠ ਗਏ। ਇਸ ਪੱਥਰ ਪੁਰ ਖੜਾਵਾਂ ਦੇ ਤਿੰਨ ਨਿਸ਼ਾਨ ੩ ਤੋਂ ੫ ਫੁਟ ਦੀ ਦੂਰੀ ਤੇ ਹਨ, ਜਿਨ੍ਹਾਂ ਦੇ ਸੰਬੰਧ ਵਿਚ ਇਸ ਪਿੰਡ ਦੇ ਵਾਸੀ ਮੰਨਦੇ ਹਨ ਕਿ ਇਹ ਗੁਰੂ ਸਾਹਿਬ ਦੇ ਚਰਨਾਂ ਦੇ ਹੀ ਨਿਸ਼ਾਨ ਹਨ।

ਇਹਨਾਂ ਲੋਕਾਂ ਦੀ ਮਾਨਤਾ ਅਨੁਸਾਰ ਗੁਰੂ ਸਾਹਿਬ ਇਸ ਪੱਥਰ ਦੇ ਦਖਣ ਵਾਲੇ ਪਾਸੇ ਬੈਠੇ। ਉਥੇ ਬੈਠ ਕੇ ਉਹਨਾਂ ਆਪਣੀ ਖੂੰਡੀ ਜ਼ਮੀਨ ਵਿਚ ਗਡ ਦਿਤੀ, ਜੋ ਅਜ ਇਕ ਦਰੱਖ਼ਤ ਦਾ ਰੂਪ ਧਾਰਨ ਕਰ ਚੁਕੀ ਹੈ ਅਤੇ ਇਹ ਦਰੱਖ਼ਤ ਬਾਬੇ ਦੀ ਖੂੰਡੀ ਅਖਵਾਉਂਦਾ ਹੈ। ਇਸ ਪੱਥਰ ਦੇ ਦਖਣ ਵਿਚ ਹੀ ਗੁਰੂ ਸਾਹਿਬ ਦੀ ਯਾਦ ਵਿਚ ਇਕ 'ਗੁੰਮਫਾ' ਸਥਾਪਤ ਕੀਤੀ ਗਈ ਹੋਈ ਹੈ। ਗੁਰੂ ਸਾਹਿਬ ਨੇ ਇਸ ਪੱਥਰ ਤੇ ਬੈਠ ਕੇ ਕੇਲੇ ਦੇ ਪੱਤੇ ਵਿਚ ਚਾਵਲ ਰਖ ਕੇ ਖਾਣੇ ਸ਼ੁਰੂ ਕੀਤੇ ਹੀ ਸਨ ਕਿ ਸਥਾਨਕ ਲੋਕੀ ਉਨ੍ਹਾਂ ਦੁਆਲੇ ਇਕੱਤਰ ਹੋ ਗਏ ਤੇ ਉਹਨਾਂ ਨੂੰ 'ਲਾਮਾ' ਆਖ ਕੇ ਬੁਲਾਣ ਲਗ ਪਏ। ਗੁਰੂ ਸਾਹਿਬ ਨਾਲ ਗੱਲਾਂ ਕਰਦਿਆਂ ਇਹਨਾਂ ਲੋਕਾਂ ਨੇ ਦਸਿਆ ਕਿ ਇਸ ਇਲਾਕੇ ਵਿਚ ਧਾਨ ਬਿਲਕੁਲ ਪੈਦਾ ਨਹੀਂ ਹੁੰਦਾ, ਜਿਸ ਕਾਰਨ ਉਨ੍ਹਾਂ ਨੂੰ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਸੁਣ ਕੇ ਗੁਰੂ ਜੀ ਨੇ ਕੇਲੇ ਦੇ ਪੱਤੇ ਵਿਚ ਬਚੇ ਹੋਏ ਚਾਵਲਾਂ ਨੂੰ ਇਧਰ-ਉਧਰ ਬਿਖੇਰ ਦਿਤਾ ਅਤੇ ਵਰ ਦਿਤਾ ਕਿ ਭਵਿੱਖ ਵਿਚ ਇਥੇ ਧਾਨ ਪੈਦਾ ਹੋਇਆ ਕਰੇਗਾ। ਬਰਫ ਨਾਲ ਢਕੇ ਸੈਂਕੜੇ ਕਿਲੋਮੀਟਰਾਂ ਦੇ ਖੇਤਰ ਵਿਚ ਕੇਵਲ ਉਹ ਹੀ ਜਗ੍ਹਾ ਹੈ, ਜਿਥੇ ਉਦੋਂ ਤੋਂ ਲੈ ਕੇ ਅੱਜ ਤਕ ਧਾਨ ਪੈਦਾ ਹੋ ਰਿਹਾ ਹੈ।

ਪੱਥਰ ਦੇ ਇਸੇ ਪਾਸੇ ਇਕ ਛੋਟਾ ਜਿਹਾ ਚਸ਼ਮਾ ਹੈ, ਜਿਸਦਾ ਪਾਣੀ ਨਾ ਤਾਂ ਕਦੀ ਸੁਕਦਾ ਹੈ ਅਤੇ ਨਾ ਹੀ ਕਦੀ ਜੰਮਦਾ ਹੈ।

ਸਥਾਨਕ ਵਾਸੀਆਂ ਵਲੋਂ ਗੁਰੂ ਸਾਹਿਬ ਦੀ ਯਾਦ ਵਿਚ ਜੋ ਝੌਂਪੜੀ-ਨੁਮਾ 'ਗੁੰਮਫਾ' ਸਥਾਪਤ ਕੀਤੀ ਗਈ ਹੋਈ ਹੈ, ਉਸ ਵਿਚ ਸ਼ੁਧ ਘਿਉ ਦਾ ਇਕ ਛੋਟਾ ਜਿਹਾ ਦੀਵਾ ਸਦਾ ਜਗਦਾ ਰਹਿੰਦਾ ਹੈ। ਇਥੋਂ ਦੇ ਵਾਸੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਹਨ।

[ਬਾਕੀ ਦੇਖੋ ਸਫ਼ਾ ੨੮ ਹੇਠ]



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ—ਜਗਤ ਗੁਰੂ

[ਪ੍ਰਿੰਸੀਪਲ ਜਸਵਿੰਦਰ ਸਿੰਘ ਜੀ, ਨੈਸ਼ਨਲ ਮਾਡਲ ਸਕੂਲ, ਖਾਂਬੜਾ (ਜਲੰਧਰ)]

ਸੰਸਾਰ ਦਾ ਧਾਰਮਿਕ ਇਤਿਹਾਸ ਵਾਚਣ ਤੋਂ ਪਤਾ ਲੱਗਦਾ ਹੈ ਕਿ ਹਰ ਧਰਮ ਦੇ ਆਪੋ ਆਪਣੇ 'ਧਰਮ ਗ੍ਰੰਥ' ਹਨ। ਇਨ੍ਹਾਂ ਗ੍ਰੰਥਾਂ ਤੋਂ ਧਰਮ ਦੇ ਅਨੁਯਾਈ ਅਗਵਾਈ ਲੈਂਦੇ ਆਏ ਹਨ। ਹਰ ਧਰਮ ਅੰਦਰ ਇਨ੍ਹਾਂ ਧਰਮ ਗ੍ਰੰਥਾਂ ਦਾ ਪੂਰਨ ਸਤਿਕਾਰ ਹੈ। ਇਨ੍ਹਾਂ ਗ੍ਰੰਥਾਂ ਦੀ ਬਾਣੀ ਕੁਝ ਧਰਮ ਦੇ ਬਾਨੀ ਆਪ ਲਿਖ ਗਏ ਤੇ ਕੁਝ ਕੁ ਉਨ੍ਹਾਂ ਦੇ ਪੈਰੋਕਾਰਾਂ ਨੇ ਲਿਖ ਕੇ ਇਨ੍ਹਾਂ ਦੀ ਸੰਪੂਰਨਤਾ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਜ਼ਾਹਰਾ ਜ਼ਹੂਰ ਗੁਰ-ਗੱਦੀ ਦੇ ਮਾਲਕ ਅਤੇ ਪੂਰੇ ਗੁਰੂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਚਾਰ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਸੰਸਾਰ ਦਾ ਇਹ ਪਹਿਲਾ ਗ੍ਰੰਥ ਹੈ ਜਿਸ ਨੂੰ 'ਗੁਰੂ ਗ੍ਰੰਥ' ਦਾ ਦਰਜਾ ਦਿੱਤਾ ਗਿਆ ਹੈ, ਅਥਵਾ ਗੁਰੂ ਗ੍ਰੰਥ ਨਾਲ ਯਾਦ ਕੀਤਾ ਜਾਂਦਾ ਹੈ। ਸੰਸਾਰ ਦੇ ਬਾਕੀ ਸਾਰੇ 'ਧਰਮ ਗ੍ਰੰਥ' ਤਾਂ ਹਨ, ਪ੍ਰੰਤੂ 'ਗੁਰੂ ਗ੍ਰੰਥ' ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੬ ਸਦੀਆਂ (੧੨ਵੀਂ ਤੋਂ ੧੭ਵੀਂ ਸਦੀ) ਦੀ ਆਸਤਕਤਾ ਦਾ ਝਲਕਾਰਾ ਪੈਂਦਾ ਹੈ। ਇਹ ਹੇਠ ਲਿਖੇ ੩੪ ਮਹਾਂ ਪੁਰਖਾਂ ਦੇ ਵਚਨਾਂ ਦਾ ਖ਼ਜ਼ਾਨਾ ਹੈ, ਜਿਨ੍ਹਾਂ ਦੇ ਸਮੂਹ ਬਚਨਾਂ ਦਾ ਬੁਨਿਆਦੀ ਸਿਧਾਂਤ ਇਕ ਹੀ ਹੈ—

੧. ਗੁਰੂ ਨਾਨਕ ਦੇਵ ਜੀ, ੨. ਗੁਰੂ ਅੰਗਦ ਦੇਵ ਜੀ, ੩. ਗੁਰੂ ਅਮਰਦਾਸ ਜੀ, ੪. ਗੁਰੂ ਰਾਮਦਾਸ ਜੀ, ੫. ਗੁਰੂ ਅਰਜਨ ਦੇਵ ਜੀ, ੬. ਗੁਰੂ ਤੇਗ ਬਹਾਦਰ ਜੀ, ੭. ਭਗਤ ਕਬੀਰ ਜੀ, ੮. ਨਾਮਦੇਵ ਜੀ, ੯. ਰਵਿਦਾਸ ਜੀ, ੧੦. ਸ਼ੇਖ਼ ਫ਼ਰੀਦ ਜੀ, ੧੧. ਸਧਨਾ ਜੀ, ੧੨. ਸੂਰਦਾਸ ਜੀ, ੧੩. ਸੈਣ ਜੀ, ੧੪. ਤ੍ਰਿਲੋਚਨ ਜੀ, ੧੬. ਧੰਨਾ ਜੀ, ੧੭. ਪਰਮਾਨੰਦ ਜੀ, ੧੮. ਬੇਣੀ ਜੀ, ੧੯. ਭੀਖਨ ਜੀ, ੨੦. ਰਾਮਾ ਨੰਦ ਜੀ, ੨੧. ਪੀਪਾ ਜੀ, ੨੨. ਸੱਤਾ ਬਲਵੰਡ, ੨੩. ਸੁੰਦਰ ਜੀ, ੨੪. ਭੱਟ ਕਲਸਹਾਰ (ਕਲ੍ਯ ਤੇ ਟਲ੍ਯ), ੨੫. ਭੱਟ ਜਾਲਪ (ਜਲ੍ਯ), ੨੬. ਭਟ ਕੀਰਤ, ੨੭. ਭੱਟ ਭਿੱਖਾ, ੨੮. ਭੱਟ ਸਲ੍ਯ, ੨੯. ਭੱਟ ਭਲ੍ਯ, ੩੦. ਭੱਟ ਨਲ੍ਯ, ੩੧. ਭੱਟ ਗਯੰਦ, ੩੨. ਭੱਟ ਮਥੁਰਾ, ੩੩. ਭੱਟ ਬਲ੍ਯ, ੩੪. ਭੱਟ ਹਰਿਬੰਸ।

ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖਾਂ ਦੇ ਹੀ ਗੁਰੂ ਨਹੀਂ, ਇਹ ਤਾਂ ਸਭ ਧਰਮਾਂ ਅਤੇ ਕੌਮਾਂ ਦੇ ਗੁਰੂ ਹਨ। ਦੂਜੇ ਮੱਤਾਂ ਵਾਲੇ ਮਹਾਤਮਾ ਵੀ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦੇ-ਵਿਚਾਰਦੇ ਹਨ ਤਾਂ ਉਨ੍ਹਾਂ ਦੀ ਆਤਮਾ ਇਹ ਸਵੀਕਾਰਦੀ ਹੈ ਕਿ ਕਲਜੁਗੀ ਜੀਵਾਂ ਦੇ ਉਧਾਰ ਕਰਨ ਲਈ ਸੱਚੇ ਅਤੇ ਪੂਰੇ ਗੁਰੂ ਇਹੋ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨ ਫਕੀਰਾਂ, ਹਿੰਦੂ ਭਗਤਾਂ, ਅਖੌਤੀ ਨੀਚ ਜਾਤੀ ਵਾਲੇ ਸੰਤਾਂ ਮਹਾਤਮਾਂ ਦੀ ਬਾਣੀ ਨੂੰ ਇਕੋ ਜਿਹੀ ਸਤਿਕਾਰ ਵਾਲੀ ਥਾਂ ਦਿੱਤੀ ਗਈ ਹੈ। ਇਸ ਵਿਚ ਜਾਤ-ਪਾਤ, ਦੇਸ਼, ਧਰਮ, ਊਚ ਨੀਚ ਆਦਿਕ ਅਨੇਕਾਂ ਤਰ੍ਹਾਂ ਦੇ ਵਿਤਕਰਿਆਂ ਨੂੰ ਮੁੱਖ ਨਹੀਂ ਰੱਖਿਆ ਗਿਆ, ਬਲਕਿ ਸਰਬ ਮਨੁੱਖਤਾ ਲਈ ਸਾਂਝਾ ਉਪਦੇਸ਼ ਦਿੱਤਾ ਗਿਆ ਹੈ ਕਿ :—

ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸੁ ਚਹੁ ਵਰਨਾ ਕਉ ਸਾਝਾਂ॥ (ਪੰਨਾ ੭੪੭)

ਕਈ ਹੋਰ ਧਰਮਾਂ ਵਿਚ ਇਸਤ੍ਰੀ ਨੂੰ ਪੁਰਸ਼ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਗਏ। ਪਰੰਤੂ ਇਥੇ ਇਸਤ੍ਰੀ ਨੂੰ ਪੁਰਸ਼ ਦੇ ਸਮਾਨ ਸਤਿਕਾਰਿਆ ਹੈ ਅਤੇ ਉਪਦੇਸ਼ ਕੀਤਾ ਗਿਆ ਹੈ ਕਿ—

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥੨॥੧੯॥ (ਆਸਾ ਦੀ ਵਾਰ, ੪੭੩)

ਉਪਰੋਕਤ ਵਿਚਾਰ ਤੋਂ ਇਹ ਗੱਲ ਨਿਰਣੇ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ-ਗੁਰੂ ਹਨ।

ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਸ਼ਬਦ (ਬਾਣੀ) ਨੂੰ ਗੁਰੂ ਸਮਾਨ ਪਦਵੀ ਦਿੱਤੀ ਹੈ। ਨਿਮਨ ਲਿਖਤ



www.AKJ.Org

ਤੁਕਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ :—

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥੮॥੧॥ (ਸੋਰਠਿ ਮ: ੧—੬੩੫)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥੫॥ (ਨਟ ਮ: ੪—੯੮੨)

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥ (ਕਾਨੜਾ ਮ: ੪—੧੩੧੦)

ਏਸੇ ਸਿਧਾਂਤ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਪਰਚਾਰਿਆ ਹੈ, ਜਿਵੇਂ ਕਿ :—

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥ ਵਾਰ ੭/੨੦

ਉਨ੍ਹਾਂ ਨੇ ਸ਼ਬਦ ਨੂੰ ਹੀ ਗੁਰੂ ਦੀ ਮੂਰਤਿ ਬਿਆਨਿਆ ਹੈ :—

ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ ॥ ਵਾਰ ੨੪/੨੫

ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥ ਵਾਰ ੨੪/੧੧

ਇਨ੍ਹਾਂ ਉਪਰੋਕਤ ਪ੍ਰਮਾਣਾਂ ਤੋਂ ਸਿਧ ਹੋ ਜਾਂਦਾ ਹੈ ਕਿ 'ਸ਼ਬਦ' ਨੂੰ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਗੁਰੂ ਪਦਵੀ ਦੇ ਦਿਤੀ ਗਈ ਸੀ। ਗੁਰੂ ਨਾਨਕ ਦੇਵ ਜੀ 'ਸਿਧ ਗੋਸਟਿ' ਬਾਣੀ ਵਿਚ ਸਿੱਧਾਂ ਨਾਲ ਚਰਚਾ ਸਮੇਂ ਜੋਗੀਆਂ ਦੇ ਪ੍ਰਸ਼ਨ—'ਤੁਹਾਡਾ ਗੁਰੂ ਕੌਣ ਹੈ ?' ਦਾ ਜਵਾਬ ਦਿੰਦੇ ਕਹਿੰਦੇ ਹਨ :—

ਸਬਦੁ ਗੁਰੂ ਸੁਰਤਿ-ਧੁਨਿ ਚੇਲਾ ॥੪੪॥ (ਪੰਨਾ ੯੪੩)

ਗੁਰੂ ਨਾਨਕ ਦੇਵ ਜੀ ਨੂੰ ਧੁਰ ਦਰਗਾਹੋਂ ਹੀ ਅਕਾਲ ਪੁਰਖ ਨੇ ਗੁਰਿਆਈ ਬਖਸ਼ੀ। ਗੁਰੂ ਜੀ ਹਮੇਸ਼ਾ ਇਕ ਅਕਾਲ ਪੁਰਖ ਨੂੰ ਹੀ ਧਿਆਉਂਦੇ। ਮੂਲ ਮੰਤਰ ਵਿਚ ਸ਼ੁਰੂਆਤ ੧ਓ (ਅਕਾਲ ਪੁਰਖ ਦੀ) ਅਰਾਧਨਾ ਤੋਂ ਹੈ। ਆਪਣੀ ਬਾਣੀ ਵਿਚ ਆਪ ਫ਼ੁਰਮਾਨ ਕਰਦੇ ਹਨ :—

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥੫॥੧੧॥(ਸੋਰਠਿ ੧—੫੯੯)

ਅਜੋਕੇ ਸਮੇਂ ਵਿਚ ਕਈ ਪਾਖੰਡੀ, ਗੁਰੂ-ਡੰਮ ਦਾ ਢੋਂਗ ਰਚਾ ਕੇ ਲੁਕਾਈ ਨੂੰ ਗੁਰਬਾਣੀ ਤੋਂ ਵਿਛੋੜ, ਆਪਣੇ ਮਗਰ ਲਾ ਰਹੇ ਹਨ। ਗੁਰਬਾਣੀ ਵਿਚੋਂ ਕੁਝ ਪੰਕਤੀਆਂ ਲੈ ਕੇ ਉਨ੍ਹਾਂ ਦੇ ਅਰਥਾਂ ਦੇ ਅਨਰਥ ਕਰ ਕੇ ਭਰਮ-ਭੁਲੇਖੇ ਦਾ ਜਾਲ ਤਣਦੇ ਹਨ। ਉਨ੍ਹਾਂ ਨੂੰ ਗੁਰਬਾਣੀ ਬਾਰੇ ਨਾ ਕੋਈ ਸੋਝੀ ਹੁੰਦੀ ਹੈ, ਨਾ ਕੋਈ ਸਾਰ ਹੁੰਦੀ ਹੈ।

ਇਹ ਧੁਰ ਕੀ ਬਾਣੀ ਹੈ, ਜੋ ਪਰਮਾਤਮਾ ਦਾ ਖ਼ਾਸ ਰੂਪ ਹੈ। ਇਸ ਦਾ ਜ਼ਿਕਰ ਗੁਰਬਾਣੀ ਵਿਚ ਪਰਤੱਖ ਮਿਲਦਾ ਹੈ—

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੭੭॥ (ਪੰਨਾ ੬੨੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਗੁਰੂ ਸਾਹਿਬਾਨ ਨੂੰ ਸਿੱਧੀ ਅਕਾਲ ਪੁਰਖ ਤੋਂ ਨਾਜ਼ਲ ਹੋਈ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ :—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥੧॥ (੭੨੨)

ਅਤੇ—ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥ (ਵਡਹੰਸੁ ਮ: ੧—੫੬੬)

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਵੀ ਦਸਦੇ ਹਨ ਕਿ ਬਾਣੀ ਸ਼ਬਦ (ਵਾਹਿਗੁਰੂ) ਰਾਹੀਂ ਪ੍ਰਾਪਤ ਹੋਈ ਹੈ—

ਸਬਦੇ ਉਪਜੈ ਅੰਮ੍ਰਿਤ ਬਾਣੀ, ਗੁਰਮੁਖਿ ਆਖਿ ਸੁਣਾਵਣਿਆ ॥੩॥੨੭॥ (੧੨੫)

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਵੀ ਫੁਰਮਾਉਂਦੇ ਹਨ, ਪਰਮਾਤਮਾ ਜੋ ਮੇਰੇ ਪਾਸੋਂ ਕਹਾਉਂਦਾ ਹੈ, ਮੈਂ ਉਹੀ ਆਖ ਰਿਹਾ ਹਾਂ। ਗੁਰੂ ਅਰਜਨ ਦੇਵ ਜੀ ਵੀ ਇਸੇ ਕਥਨ ਨੂੰ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ (ਅਕਾਲ ਪੁਰਖ) ਹੀ ਆਪ ਆਪਣੇ ਹੁਕਮ ਅਧੀਨ ਮੇਰੇ ਪਾਸੋਂ ਕਹਾ ਰਿਹਾ ਹੈ :—

ਜੈਸੇ ਗੁਰਿ ਉਪਦੇਸਿਆ, ਮੈ ਤੈਸੋ ਕਹਿਆ ਪੁਕਾਰਿ ॥੪॥੧੫੮॥ (ਪੰਨਾ ੨੧੪)

ਬੋਲੈ ਸਾਹਿਬ ਕੇ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥੨॥੮੪॥ (੬੨੯)



www.AKJ.Org

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਫ਼ੁਰਮਾਂਦੇ ਹਨ :

ਜੋ ਨਿਜ ਪ੍ਰਭ ਮੈ ਸੋ ਕਹਾ, ਸੋ ਕਹਿ ਹੋਂ ਜਗ ਮਾਹਿ ॥੫੯॥ (ਬਚਿਤ੍ਰ ਨਾਟਕ, ਅਧਿ: ੬)

ਗੁਰਬਾਣੀ ਦੇ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ 'ਧੁਰ ਕੀ ਬਾਣੀ' ਹੈ, ਕੋਈ ਮਨੁੱਖ ਇਸ ਦਾ ਇਕ ਅੱਖਰ ਵੀ ਬਦਲ ਨਹੀਂ ਸਕਿਆ, ਤੇ ਨਾ ਹੀ ਬਦਲ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀਰੇ, ਲਾਲਾਂ ਜਵਾਹਰਾਂ ਆਦਿ ਰਤਨਾਂ ਸਮਾਨ ਇਕ ਅਮੁੱਲ ਖ਼ਜ਼ਾਨਾ ਹੈ। ਗੁਰੂ ਵਾਹਿਗੁਰੂ ਦੀ ਮਿਹਰ ਸਦਕਾ ਪ੍ਰਾਣੀ ਗੁਰ-ਸ਼ਬਦ ਦੇ ਅੰਮ੍ਰਿਤ-ਰਸ ਨੂੰ ਪ੍ਰਾਪਤ ਕਰ ਸਕਦਾ ਹੈ।

ਇਤਿਹਾਸਕ ਦਸਤਾਵੇਜ਼ਾਂ ਅਤੇ ਅਨੇਕਾਂ ਹਵਾਲਿਆਂ ਰਾਹੀਂ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਜਗਤ-ਗੁਰੂ ਹਨ। ਗੁਰੂ ਘਰ ਦੇ ਅਨਿੰਨ ਸੇਵਕ ਭਾਈ ਨੰਦ ਲਾਲ ਜੀ ਦੇ ਇਸ ਪ੍ਰਸ਼ਨ ਦਾ ਉੱਤਰ ਦੇਂਦਿਆਂ ਗੁਰੂ ਦਸਮੇਸ਼ ਪਿਤਾ ਜੀ ਨੇ ਇਹੋ ਦਸਿਆ ਸੀ ਕਿ :—

ਜੋ ਮਮ ਸਾਥ ਚਹੇ ਕਰਿ ਬਾਤ ॥ ਗ੍ਰੰਥ ਜੀ ਪੜ੍ਹੇ ਬਿਚਾਰਹਿ ਸਾਥ ॥੧੦॥
ਮੇਰਾ ਰੂਪ ਗ੍ਰੰਥ ਜੀ ਜਾਨ ॥ ਇਸ ਮੇਂ ਭੇਦ ਨ ਰੰਚਕ ਮਾਨ ॥੧੧॥
(ਰਹਿਤਨਾਮਾ ਭਾਈ ਨੰਦ ਲਾਲ ਜੀ)

ਭਾਈ ਪ੍ਰਹਿਲਾਦ ਸਿੰਘ ਜੀ ਵੀ ਰਹਿਤਨਾਮੇ ਵਿਚ ਲਿਖਦੇ ਹਨ :—

ਗੁਰ ਕਾ ਵਚਨ ਗੁਰੂ ਕੀ ਮੂਰਤਿ...॥੩੫॥
ਭੁਗਤਿ ਮੁਕਤਿ ਹਨਿ ਸਾਤੇ ਪੂਰਤਿ ॥

ਗੁਰਮਤਿ ਦੇ ਏਸੇ ਸਵੀਕਾਰੇ ਸਿਧਾਂਤ ਮੁਤਾਬਕ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰ-ਗੱਦੀ ਤੇ ਸਥਾਪਤ ਕਰ ਕੇ ਸਿੱਖਾਂ ਨੂੰ ਉਪਦੇਸ਼ ਕੀਤਾ ਸੀ ਕਿ :—

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹਿ ॥
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈ ਲੇਹਿ ॥ [ਪੰਥ ਪ੍ਰਕਾਸ਼, ਗਿ: ਗਿਆਨ ਸਿੰਘ

ਸਾਰੀ ਵਿਚਾਰ ਦਾ ਸਾਰੰਸ਼ ਇਹੋ ਹੈ ਕਿ ਦੁਨੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਨਿਰੰਜਨੀ ਜੋਤਿ, ਜ਼ਾਹਰਾ ਜ਼ਹੂਰ ਅਤੇ ਹਾਜ਼ਰਾ ਹਜ਼ੂਰ ਜੋਤਿ ਹਨ, ਜੋ ਕਲਜੁਗੀ ਜੀਵਾਂ ਲਈ ਚਾਨਣ-ਮੁਨਾਰਾ ਹਨ, ਅਤੇ ਇਨ੍ਹਾਂ ਦੇ ਉਪਦੇਸ਼ ਬਿਨਾਂ-ਵਿਤਕਰੇ ਸਾਰੀ ਦੁਨੀਆ ਦੇ ਲੋਕਾਂ ਲਈ ਸਾਂਝੇ ਹਨ।

---

[੨੫ ਸਫੇ ਦੀ ਬਾਕੀ]

ਚੁੰਗਥਾਂਗ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਡਿੰਗਬਾ ਝੀਲ ਤੇ ਗਏ। ਲੋਕਾਂ ਦੀ ਮਾਨਤਾ ਹੈ ਕਿ ਸਮੁੰਦਰ ਤੋਂ ੧੮ ਹਜ਼ਾਰ ਫੁਟ ਉਚਿਆਂ ਸਥਿਤ ਇਸ ਝੀਲ ਦਾ ਪਾਣੀ ਇਸ ਕਰਕੇ ਨਹੀਂ ਜੰਮਦਾ ਕਿਉਂਕਿ ਇਸ ਨੂੰ ਗੁਰੂ ਸਾਹਿਬ ਦਾ ਵਰ ਪ੍ਰਾਪਤ ਹੈ। ਇਸ ਝੀਲ ਤੋਂ ਕੇਵਲ ੧੦੦ ਫੁਟ ਦੀ ਦੂਰੀ ਤੇ ਸਥਿਤ ਪਹਾੜੀਆਂ ਸਾਰਾ ਸਾਲ ਬਰਫ਼ ਨਾਲ ਢਕੀਆਂ ਰਹਿੰਦੀਆਂ ਹਨ। ਇਥੋਂ ਦੇ ਲੋਕੀਂ ਦਸਦੇ ਹਨ ਕਿ ਇਸ ਝੀਲ ਦੇ ਪਾਣੀ ਨੂੰ ਵਰ ਹੈ ਕਿ ਜਿਸ ਘਰ ਵਿਚ ਔਲਾਦ ਨਹੀਂ ਹੁੰਦੀ, ਉਸ ਘਰ ਦੇ ਪਤੀ-ਪਤਨੀ ਜੇ ਇਸ ਝੀਲ ਤੇ ਆ ਕੇ ਪਾਣੀ ਪੀ ਲੈਣ ਤਾਂ ਉਹਨਾਂ ਦੇ ਘਰ ਵਿਚ ਬੱਚਿਆਂ ਦੀਆਂ ਕਿਲਕਾਰੀਆਂ ਸੁਣਾਈ ਦੇਣ ਲਗ ਪੈਂਦੀਆਂ ਹਨ। ਇਹਨਾਂ ਲੋਕਾਂ ਅਨੁਸਾਰ ਅਨੇਕਾਂ ਜੋੜੀਆਂ ਨੇ ਗੁਰੂ ਜੀ ਦੇ ਵਰ ਨਾਲ ਔਲਾਦ ਪ੍ਰਾਪਤ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਗੁਰੂ ਡਿੰਗਬਾ ਤੋਂ ਤਿਬਤ ਦੀ ਰਾਜਧਾਨੀ ਲਹਾਸਾ ਪੁਜੇ, ਜਿਥੇ ਰਾਜੇ ਨੇ ਅਨੇਕਾਂ ਲੋਕਾਂ ਨੂੰ ਜੇਲ੍ਹ ਵਿਚ ਬੰਦ ਕਰ ਕੇ ਰਖਿਆ ਹੋਇਆ ਸੀ। ਗੁਰੂ ਜੀ ਨੇ ਰਾਜੇ ਨੂੰ ਪ੍ਰੇਰ ਕੇ ਉਹਨਾਂ ਸਾਰਿਆਂ ਕੈਦੀਆਂ ਨੂੰ ਰਿਹਾ ਕਰਵਾ ਦਿਤਾ ਅਤੇ ਆਪ ਚੀਨ ਹੁੰਦੇ ਹੋਏ ਵਾਪਸ ਪੰਜਾਬ ਮੁੜ ਆਏ।


www.AKJ.Org

# ਸਰਬ ਵਿਆਪਕ ਹਰੀ

[ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ, ੧੬੨, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਅਕਾਲ ਪੁਰਖ ਭਾਵੇਂ ਅਲੱਖ ਹੈ, ਪਰ ਵੇਖਣ ਵਾਲੇ ਉਸ ਦੇ ਪਿਆਰੇ ਸੇਵਕ, ਉਸ ਨੂੰ ਉਸ ਦੀ ਰਚਨ ਦੁਆਰਾ ਵੇਖ ਸਕਦੇ ਹਨ। ਉਨ੍ਹਾਂ ਵੇਖਣ ਵਾਲਿਆਂ ਦੇ ਹਿਰਦੇ, ਹਰੀ ਨਾਲ ਓਤ-ਪੋਤ ਹੋਏ ਹੁੰਦੇ ਹਨ। ਉਨ੍ਹਾਂ ਨੂੰ ਅੰਦਰ ਬਾਹਰ ਹਰੀ ਨਜ਼ਰ ਆਉਂਦਾ ਹੈ। ਉਹ ਹਰੀ ਤਾਂ ਵਣਾਂ, ਤ੍ਰਿਣਾਂ, ਤਿੰਨਾਂ ਹੀ ਲੋਕਾਂ ਦੇ ਰੋਮ-ਰੋਮ ਵਿਚ ਵਸਿਆ ਹੋਇਆ ਹੈ। ਇਸ ਵਿਚਾਰ ਨੂੰ ਪੰਚਮ-ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਵਾਰ ਸੂਹੀ ਵਿਚ ਇਸ ਤਰ੍ਹਾਂ ਚਿਤ੍ਰਰਿਆ ਹੈ—

ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥
ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥੨੨॥ (੯੬੬)

ਅਕਾਲ ਪੁਰਖ ਹੈ ਤਾਂ ਇਕ, ਪਰ ਉਸ ਦੇ ਰੂਪ ਅਨੇਕ ਹਨ। ਉਹ ਸਭ ਥਾਂ ਭਰਪੂਰ ਹੈ, ਵਿਆਪਕ ਹੈ। ਜਿਵੇਂ ਸੂਰਜ ਦੀ ਕਿਰਣ ਦਾ ਚਾਨਣ ਖਿਲਰਿਆ ਹੁੰਦਾ ਹੈ, ਤਿਵੇਂ ਹਰ ਇਕ ਹਸਤੀ ਵਿਚ ਉਹ ਸਰਬ-ਵਿਆਪਕ ਹਰੀ ਤਾਣੇ-ਪੇਟੇ ਵਾਂਗ ਮੌਜੂਦ ਹੁੰਦਾ ਹੈ। ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਕਥਨ ਹੈ—

ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
(ਬਸੰਤ ਮਹਲਾ ੪, ਪੰਨਾ ੧੧੭੭)

ਇਹ ਠੀਕ ਹੈ ਕਿ ਨਿਰੰਕਾਰ ਅਪਰੰਪਰ ਹੈ ਤੇ ਸਾਡੀ ਦਿੱਸਦੀ ਦੁਨੀਆ ਤੋਂ ਪਰੇ ਹੈ। ਉਹ ਸਾਡੀ ਸਮਝ ਤੋਂ ਵੀ ਪਰੇ ਹੈ, ਪਰ ਫੇਰ ਵੀ ਇਹ ਸੰਸਾਰ, ਉਸ ਹਰੀ-ਪਰਮਾਤਮਾ ਤੋਂ ਬਾਹਰ ਨਹੀਂ। ਅਕਾਲ ਪੁਰਖ ਹਰ ਥਾਂ ਵਿਆਪਕ ਹੈ। ਉਹ ਸਤਿ, ਚਿਤ, ਅਨੰਦ ਹੈ ਤੇ ਸਥਿਰ ਰੂਪ ਵਿਚ ਪ੍ਰੇਮ-ਸਰੂਪ ਹੋ ਕੇ ਹਰ ਥਾਂ ਮੌਜੂਦ ਹੈ। ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਜਾਪੁ ਸਾਹਿਬ ਵਿਚ ਲਿਖਿਆ ਹੈ—

ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ ॥੭੯॥
ਤੇ—ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥

ਕਬੀਰ ਸਾਹਿਬ ਦੇ ਕਥਨ ਅਨੁਸਾਰ ਅਕਾਲ ਪੁਰਖ ਅੰਦਰ ਵੀ ਹੈ ਤੇ ਬਾਹਰ ਵੀ ਅਤੇ ਉਹ ਮੈਨੂੰ ਦਿੱਸਦਾ ਹੈ—

ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ ॥੧॥੩॥
(ਗੋਂਡ ਕਬੀਰ ਜੀ, ੮੭੦)

ਕੁਦਰਤ ਵਿਚ ਸਮਾਏ ਹੋਏ ਹਰੀ ਨੇ ਇਹ ਮਾਇਆ ਦਾ ਜਾਲ ਵੀ ਆਪ ਹੀ ਰਚਿਆ ਹੋਇਆ ਹੈ, ਪਰ ਉਹ ਆਪ ਨਿਸਚੱਲ, ਅਟੱਲ ਹੁੰਦਾ ਹੋਇਆ ਵੀ ਸਭ ਅਦਲਾ-ਬਦਲੀਆਂ ਦਾ ਕਰਨਹਾਰ ਹੈ। ਉਹ ਸਭ ਜੀਵਾਂ ਜੰਤੂਆਂ ਦੇ ਹਿਰਦੇ ਵਿਚ ਵੱਸਦਾ ਹੈ। ਸਾਡੇ ਅੰਦਰਲੇ ਤੇ ਬਾਹਰਲੇ ਕਰਮ ਉਸੇ ਵਿਚੋਂ ਉਪਜਦੇ ਹਨ। ਕਾਰਨ, ਕਰਤਾ ਤੇ ਕਾਰਜ ਉਹ ਆਪ ਹੀ ਹੈ। ਉਸ ਦੀ ਜੋਤਿ ਦੇ ਚਾਨਣ ਕਰਕੇ ਹੀ ਸਭ ਦੇ ਅੰਦਰ ਚਾਨਣ ਹੈ, ਰੋਸ਼ਨੀ ਹੈ। ਗੁਰੂ ਨਾਨਕ ਸਾਹਿਬ ਦਾ ਧਨਾਸਰੀ ਰਾਗ 'ਚ ਫੁਰਮਾਨ ਹੈ—

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੩॥
(ਧਨਾਸਰੀ ਮ: ੧, ਪੰਨਾ ੧੩)

ਸੁਆਦਲੀ ਗੱਲ ਇਹ ਹੈ ਕਿ ਹਰੀ-ਪਰਮਾਤਮਾ ਕਈ ਰੂਪ ਧਾਰਨ ਕਰਦਾ ਹੈ, ਕਈ ਰੰਗਾਂ ਵਿਚ ਦਿੱਸਦਾ ਹੈ, ਉਸ ਦੇ ਅੱਡ-ਅੱਡ ਵੇਸ ਹੁੰਦਿਆਂ ਹੋਇਆਂ ਵੀ ਉਹ ਸਦਾ ਇਕ-ਰੰਗ ਰਹਿੰਦਾ ਹੈ। ਪਰ ਫੇਰ ਵੀ ਉਹ 'ਇਕ ਖ਼ਿਆਲੀ ਚੀਜ਼' ਨਹੀਂ, ਸਗੋਂ ਉਹ ਤਾਂ ਉਹ ਸੱਤਾ ਹੈ, ਜਿਸ ਵਿਚ ਸਭ ਦਾ ਵਾਸਾ ਹੈ। ਉਹ ਵਸਤੂਆਂ ਦਿਸਦੀਆਂ


www.AKJ.Org

ਹਨ ਤੇ ਉਨ੍ਹਾਂ ਦਾ ਸਾਨੂੰ ਗਿਆਨ ਹੈ। ਗੁਰੂ ਅਮਰਦਾਸ ਜੀ ਨੇ ਇਸ ਵਿਚਾਰ ਨੂੰ 'ਬਿਹਾਗੜੇ ਕੀ ਵਾਰ' ਵਿਚ ਆਏ ਇਕ ਸਲੋਕ ਅਨੁਸਾਰ ਇਸ ਤਰ੍ਹਾਂ ਦਰਸਾਇਆ ਹੈ :

ਆਪੇ ਹੀ ਬਹਿ ਪੂਜੇ ਕਰਤਾ ਆਪਿ ਪਰਪੰਚੁ ਕਰੀਜੈ ॥
ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ ॥
ਆਪੇ ਪੁੰਨੁ ਸਭੁ ਆਪਿ ਕਰਾਏ, ਆਪਿ ਅਲਿਪਤੁ ਵਰਤੀਜੈ ॥
ਆਪੈ ਸੁਖੁ ਦੁਖੁ ਦੇਵੈ ਕਰਤਾ ਆਪੇ ਬਖਸ ਕਰੀਜੈ ॥੮॥

(ਬਿਹਾਗੜੇ ਕੀ ਵਾਰ ਮ: ੩, ਪੰਨਾ ੫੫੧)

ਗੁਰਬਾਣੀ ਵਿਚੋਂ ਇਕ ਹੋਰ ਮਿਸਾਲ ਲੈ ਕੇ ਇਸ ਵਿਚਾਰ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਉਹ ਹਰੀ-ਪਰਮਾਤਮਾ ਆਪ ਹੀ ਪਾਂਧਾ ਹੈ, ਆਪ ਹੀ ਪਾਠਸ਼ਾਲਾ ਅਤੇ ਆਪ ਹੀ ਮਾਤਾ-ਪਿਤਾ ਹੋ ਕੇ ਬੱਚਿਆਂ ਦਾ ਪਾਲਣ-ਪੋਸ਼ਣ ਕਰਦਾ ਹੈ। ਕਈਆਂ ਨੂੰ ਪੜ੍ਹਨ ਕਰਕੇ ਸੋਝੀ ਆ ਜਾਂਦੀ ਹੈ, ਪਰ ਕਈ ਅਨਜਾਣ ਹੀ ਰਹਿ ਜਾਂਦੇ ਹਨ। ਫੁਰਮਾਨ ਹੈ :

ਆਪੇ ਚਾਟਸਾਲ ਆਪਿ ਹੈ ਪਾਧਾ, ਆਪੇ ਚਾਟੜੇ ਪੜਣ ਕਉ ਆਣੇ ॥
ਆਪੇ ਪਿਤਾ ਮਾਤਾ ਹੈ ਆਪੇ, ਆਪੇ ਬਾਲਕ ਕਰੇ ਸਿਆਣੇ ॥
ਇਕਥੈ ਪੜਿ ਬੁਝੈ ਸਭੁ ਆਪੇ, ਇਕਥੈ ਆਪੇ ਕਰੇ ਇਆਣੇ ॥੧੧॥

(ਬਿਹਾਗੜੇ ਕੀ ਵਾਰ ਮ: ੩, ਪੰ: ੫੫੨)

ਇਸੇ ਵਿਚਾਰ ਨੂੰ ਗੁਰੂ ਅਰਜਨ ਸਾਹਿਬ "ਸੁਖਮਨੀ ਸਾਹਿਬ" ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਸਭ ਹਸਤੀਆਂ ਵਿਚ ਨਿਰੰਕਾਰ ਆਪ ਪ੍ਰਵੇਸ਼ ਕਰ ਰਿਹਾ ਹੈ, ਸਭ ਅੱਖਾਂ ਵਿਚੋਂ ਆਪ ਹੀ ਵੇਖ ਰਿਹਾ ਹੈ। ਸਾਰੀ ਸ੍ਰਿਸ਼ਟੀ ਉਸ ਦਾ ਸਰੀਰ ਹੈ, ਉਹ ਸਭ ਵਿਚ ਹੁੰਦਾ ਹੋਇਆ ਵੀ ਬੇਲਾਗ ਹੈ। ਸਾਰੀ ਸ੍ਰਿਸ਼ਟੀ ਦਾ ਕਾਰ-ਵਿਹਾਰ ਉਸੇ ਦੀ ਆਗਿਆ ਅਨੁਸਾਰ ਚਲ ਰਿਹਾ ਹੈ। ਫੁਰਮਾਨ ਹੈ :

ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥
ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥
ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾਂ ਲਏ ਸਮਾਇ ॥੬॥੨੩॥ (੨੯੪)

ਸ੍ਰੀ ਨਾਮਦੇਵ ਜੀ ਵੀ ਆਪਣੇ ਇਕ ਸ਼ਬਦ ਵਿਚ ਫ਼ੁਰਮਾਨ ਕਰਦੇ ਹਨ ਕਿ ਹਾਥੀ ਤੇ ਕੀੜੇ ਕੀ, ਉਹ ਤਾਂ ਸਭ ਜੀਵ-ਜੰਤੂਆਂ ਵਿਚ ਆਪ ਪ੍ਰਵੇਸ਼ ਕਰ ਰਿਹਾ ਹੈ। ਸਾਰੀ ਸ੍ਰਿਸ਼ਟੀ ਦੇ ਅਨੇਕਾਂ ਰੂਪਾਂ ਵਿਚ ਉਹ ਆਪ ਹੀ ਬੋਲ ਰਿਹਾ ਹੈ। ਕੀੜਿਆਂ, ਪਤੰਗਿਆਂ ਤੇ ਨਿਰਜਿੰਦ ਵਸਤੂਆਂ ਵਿਚ ਵੀ ਉਹ ਹੀ ਸਮਾਇਆ ਹੋਇਆ ਹੈ :—

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ਰਹਾਉ॥
ਏਕਲ ਮਾਟੀ ਕੁੰਜਰ ਚੀਟੀ, ਭਾਜਨ ਹੈਂ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ, ਘਟਿ ਘਟਿ ਰਾਮ ਸਮਾਨਾ ਰੇ ॥੧॥੩॥

(ਮਾਲੀ ਗਉੜਾ ਨਾਮਦੇਵ ਜੀ, ਪੰਨਾ ੯੮੮)

ਇਸ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਹਰੀ-ਪਰਮਾਤਮਾ ਬੇਅੰਤ ਹੈ, ਸਰਬ-ਵਿਆਪਕ ਹੈ, ਉਹ ਸਰਗੁਣ ਵੀ ਹੈ ਤੇ ਨਿਰਗੁਣ ਵੀ। ਉਸ ਵਿੱਚ ਰੂਪ ਤੇ ਅਰੂਪ, ਏਕ ਤੇ ਅਨੇਕ, ਪ੍ਰਵਿਰਤੀ ਤੇ ਨਿਰਵਿਰਤੀ, ਦਾ ਸੁਮੇਲ ਹੈ। ਉਹ ਏਕਤਾ ਤੇ ਅਨੇਕਤਾ ਦਾ ਸਮੂਹ ਹੈ। ਪਰ ਇਸ ਭੇਦ ਨੂੰ ਅਕਾਲ ਪੁਰਖ ਦੇ ਭਗਤ ਹੀ ਸਮਝ ਸਕਦੇ ਹਨ।


www.AKJ.Org

# ਸਰਬੱਤ ਖਾਲਸਾ (੨)

[ ਪ੍ਰਿੰਸੀਪਲ ਗੁਰਮੁਖ ਸਿੰਘ ਜੀ ]

(ਲੜੀ ਜੋੜਨ ਲਈ ਵੇਖੋ ਸੂਰਾ ਅਕਤੂਬਰ ੯੩)

**ਸਰਬੱਤ ਖਾਲਸੇ ਵਲੋਂ ਕੀਤੇ ਨਿਰਣਿਆਂ ਦਾ ਮਹੱਤਵ–**

ਇਹ ਬੜੀ ਖੁਸ਼-ਕਿਸਮਤੀ ਦੀ ਗੱਲ ਹੈ ਕਿ ਸਿੱਖ ਕੌਮ ਦੇ ਵਿਰਸੇ ਵਿਚ 'ਸਰਬੱਤ ਖਾਲਸਾ' ਵਰਗੀ ਸੰਸਥਾ ਅਤੇ 'ਗੁਰਮਤਾ' ਵਰਗੇ ਸਾਂਝੇ ਫੈਸਲੇ ਦੇ ਢੰਗ ਮੌਜੂਦ ਹਨ। ਅੱਜ ਦੇ ਕੌਮੀ ਹਾਲਾਤ ਦੇ ਪ੍ਰਸੰਗ ਵਿਚ ਇਹਨਾਂ ਦੀ ਬੜੀ ਮਹੱਤਤਾ ਹੈ। ਇਤਿਹਾਸ ਦੇ ਪੰਨਿਆਂ ਤੇ ਝਾਤ ਮਾਰਿਆਂ ਤਕਰੀਬਨ ਸਾਰੇ ਦੇਸੀ ਇਤਿ-ਹਾਸਕਾਰ ਸਿੱਖ ਕੌਮ ਦੀ ਸ਼ਲਾਘਾ ਕਰਦੇ ਹਨ। ਅੰਗਰੇਜ਼ ਇਤਿਹਾਸਕਾਰ (ਕਨਿੰਘਮ, ਮੈਲਕਾਮ, ਬਰਾਊਨ, ਹੈਲਮ ਆਦਿ) ਆਪਣੀ ਸਭਿਅਤਾ ਦੇ ਘੁਮੰਡ ਵਿਚ ਹੀ ਸੋਚਦੇ ਸਨ ਅਤੇ ਸਿੱਖ ਜਥੇਬੰਦੀਆਂ ਨੂੰ ਅਲੂੜ ਅਤੇ ਅਸਭਿਅ ਕਹਿੰਦੇ ਸਨ। ਸਿੱਖਾਂ ਦਾ ਗੁਰੂ ਅਤੇ ਕਰਤਾਰ ਉਤੇ ਦ੍ਰਿੜ੍ਹ ਨਿਸਚੇ ਨੂੰ ਵੇਖ ਕੇ ਉਹਨਾਂ ਨੂੰ ਯਕੀਨ ਨਹੀਂ ਸੀ ਆਉਂਦਾ ਕਿ ਇਸ ਕੌਮ ਵਿਚ ਸਤਿਗੁਰਾਂ ਨੇ ਕੀ ਕਰਾਮਾਤ ਭਰੀ ਹੈ। ਅੰਗਰੇਜ਼ ਇਤਿਹਾਸਕਾਰ ਸਿੱਖ ਕੌਮ ਦੀਆਂ ਪਰੰਪਰਾਵਾਂ ਤੋਂ ਬਿਲਕੁਲ ਅਨਜਾਣ ਸਨ। ਮੁਸਲਮਾਨ ਪੰਜਾਬ ਵਿਚ ਰਹਿੰਦੇ ਸਨ, ਇਨ੍ਹਾਂ ਦੇ ਇਤਿਹਾਸਕਾਰ ਚਾਹੇ ਦੇਸੀ ਜਾਂ ਵਿਦੇਸ਼ੀ ਹੋਣ, ਸਿੱਖਾਂ ਨੂੰ ਕਾਫਰ ਸਮਝ ਕੇ ਘਟੀਆ ਕੌਮ ਸਮਝਦੇ ਸਨ। ਪਰ ਸਮੁਚੇ ਉਤਰੀ ਭਾਰਤ ਵਿਚ ਜੇ ਕਿਸੇ ਨੇ ਮੁਗਲਾਂ ਤੇ ਅਫਗਾਨਾਂ ਨਾਲ ਲੋਹਾ ਲਿਆ ਤਾਂ ਸਿੱਖਾਂ ਨੇ ਹੀ ਲਿਆ। ਇਨ੍ਹਾਂ ਸਾਰੀਆਂ ਕਰਾਮਾਤੀ ਕ੍ਰਿਸ਼ਮਿਆਂ ਦਾ ਮੂਲ ਗੁਰਮਤੇ ਹੀ ਤਾਂ ਸਨ। ਜਿਨ੍ਹਾਂ ਨੂੰ ਅੰਗਰੇਜ਼ ਅਤੇ ਮੁਸਲਮਾਨ ਇਤਿਹਾਸਕਾਰ ਮੂਰਖ ਤੇ ਅੰਧ-ਵਿਸ਼ਵਾਸੀ ਲੋਕ ਕਹਿੰਦੇ ਸਨ, ਉਹਨਾਂ ਨੇ ਮੁਗਲਾਂ ਤੋਂ ਤਾਂ ਰਾਜ ਖੋਹਿਆ ਅਤੇ ਰਣਜੀਤ ਸਿੰਘ ਦੇ ਸਦਾ ਲਈ ਅੱਖਾਂ ਮੀਟਣ ਤਕ ਅੰਗਰੇਜ਼ਾਂ ਨੂੰ ਸਤਲੁਜ ਪਾਰ ਨਹੀਂ ਕਰਨ ਦਿੱਤਾ।

ਚਮਕੌਰ ਦੀ ਗੜ੍ਹੀ ਵਿਚ ਪੰਚਾਂ ਦੇ ਇਕ-ਸੁਰ ਹੋ ਕੇ ਕੀਤੇ ਗੁਰਮਤੇ ਨੂੰ ਪੰਥ ਦਾ ਹੁਕਮ ਸਮਝ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰ-ਮੱਥੇ ਤੇ ਸਵੀਕਾਰ ਕੀਤਾ। ਆਪ ਜੀ ਦੇ ੧੭੦੮ ਵਿਚ ਜੋਤੀ ਜੋਤਿ ਸਮਾਉਣ ਤੋਂ ਮਗਰੋਂ ੧੭੩੩ ਵਿਚ ਤਰਨਾ ਤੇ ਬੁਢਾ ਦਲ ਅਤੇ ੧੧ ਮਿਸਲਾਂ ਦੇ ਗਠਨ ਦਾ ਫ਼ੈਸਲਾ ਨਵਾਬ ਕਪੂਰ ਸਿੰਘ ਦੀ ਕਮਾਨ ਹੇਠ ਸਰਬੱਤ ਖਾਲਸਾ ਨੇ ਲਿਆ ਸੀ, ਜਿਸ ਨੇ ਸਿੱਖ ਕੌਮ ਨੂੰ 'ਰਾਜ ਕਰੇਗਾ ਖਾਲਸਾ' ਦਾ ਨਿਸ਼ਾਨਾ ਦਿੱਤਾ, ਅਤੇ ਇਹ ਸਰਬੱਤ ਖਾਲਸਾ ਸੀ ਜਿਸ ਨੇ ਉਸ ਨਿਸ਼ਾਨੇ ਨੂੰ ਪ੍ਰਾਪਤ ਕਰ ਕੇ ਵਿਖਾਇਆ। ਰਾਖੀ-ਸਿਸਟਮ ਦੀ ਸਫ਼ਲਤਾ ਨੇ ਖਾਲਸੇ ਨੂੰ ਪੰਜਾਬ ਦੇ ਲੋਕਾਂ ਦੇ ਰਾਖੇ ਬਣ ਕੇ ਮਜ਼ਬੂਤ ਬਣਾਇਆ। ਭਾਰੀ ਜੋਖਮ ਲੈ ਕੇ ਨਾਦਰ ਸ਼ਾਹ ਜਾਂ ਅਹਿਮਦ ਸ਼ਾਹ ਅਬਦਾਲੀ ਦੇ ਭਾਰਤ ਦੇ ਧਨ ਦੌਲਤ ਦੇ ਲੱਦੇ ਹੋਏ ਕਾਫ਼ਲਿਆਂ ਨੂੰ ਲੁਟ ਲੈਣਾ ਜਾਂ ਉਨ੍ਹਾਂ ਦੇ ਚੁੰਗਲ ਵਿਚੋਂ ਭਾਰਤੀ ਨਾਰੀਆਂ (ਹਿੰਦੂ ਅਤੇ ਮੁਸਲਮਾਨ ਬਹੂ ਬੇਟੀਆਂ) ਨੂੰ ਛੁੜਾ ਕੇ ਸਹੀ ਸਲਾਮਤ ਘਰੋ ਘਰੀ ਪਹੁੰਚਾਉਣਾ ਇਹ ਗੁਰਮਤਿਆਂ ਰਾਹੀਂ ਪੈਦਾ ਕੀਤਾ ਕੌਮੀ ਜਜ਼ਬਾ ਅਤੇ ਕੌਮੀ ਜ਼ਬਤ ਦੀ ਮੂੰਹ ਬੋਲਦੀ ਤਸਵੀਰ ਹੈ।

ਸਾਡੇ ਪਾਸ ਸ਼ਾਨਦਾਰ ਵਿਰਸਾ ਹੈ, ਕੌਮ ਅੱਜ ਦੀ ਪ੍ਰਤਿਥਿਤੀ ਵਿਚ ਇਸ ਤੋਂ ਕਿਵੇਂ ਲਾਭ ਲੈ ਸਕਦੀ ਹੈ, ਇਹ ਕੌਮ ਦੇ ਦਾਨੇ ਵਿਚਾਰ ਕਰਨ।

**ਸਰਬੱਤ ਖਾਲਸਾ ਦਾ ਹੋਰ ਸੰਸਥਾਵਾਂ ਨਾਲੋਂ ਅੰਤਰ–**

ਸ੍ਰੀ ਅਕਾਲ ਤਖਤ ਸਾਹਿਬ ਤੇ ਰੋਜ਼ਾਨਾ ਹਜ਼ਾਰਾਂ ਨਰ ਨਾਰੀ, ਹਰ ਮਜ਼ਹਬ ਦੇ, ਹਰ ਰੰਗ ਅਤੇ ਹਰ ਮੁਲਕ ਤੋਂ ਦਰਸ਼ਨ ਮੇਲੇ ਲਈ ਆਉਂਦੇ ਰਹਿੰਦੇ ਹਨ। ਇਹ ਜਨ-ਸਾਧਾਰਨ ਸਰਬੱਤ ਖਾਲਸਾ ਦਾ ਅੰਗ ਨਹੀਂ ਬਣ ਸੁਲਦਾ। ਕਿਉਂਕਿ ਇਸ ਜਨ-ਸਮੂਹ ਨੂੰ ਖਾਲਸਾ ਜੀ ਦੇ ਇਤਿਹਾਸ, ਖਾਲਸਾ ਜੀ ਦੇ ਵਿਸ਼ਵਾਸ ਅਤੇ



www.AKJ.Org

ਖਾਲਸਾ ਜੀ ਦੀ ਪਰੰਪਰਾ ਬਾਰੇ ਕੋਈ ਗਿਆਨ ਨਹੀਂ। ਸਰਬੱਤ ਖਾਲਸਾ ਤਾਂ ਪੰਥ ਦੀ ਪਾਰਲੀਮੈਂਟ ਹੁੰਦੀ ਹੈ ਜੋ ਅੰਤਰ ਇਕ ਮੈਂਬਰ-ਪਾਰਲੀਮੈਂਟ ਅਤੇ ਆਮ ਲੋਕਾਂ ਵਿਚਕਾਰ ਹੁੰਦਾ ਹੈ, ਸੋ ਅੰਤਰ ਆਮ ਜਨ-ਸਾਧਾਰਨ ਦਾ ਅਤੇ ਸਰਬੱਤ ਖਾਲਸੇ ਦੇ ਕਿਸੇ ਮੈਂਬਰ ਦਾ ਸਮਝਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਸਿੱਖ ਸੰਗਤਾਂ ਅਤੇ ਸਰਬੱਤ ਖਾਲਸਾ ਦਾ ਅੰਤਰ ਹੈ। ਆਮ ਸਿੱਖ ਜਨਤਾ ਵਿਚ ਕੋਈ ਰਹਿਤਵਾਨ ਅੰਮ੍ਰਿਤਧਾਰੀ ਹੁੰਦਾ ਹੈ, ਕੋਈ ਬਿਨਾ ਅੰਮ੍ਰਿਤ ਦੇ ਕੇਸਾਧਾਰੀ ਜਾਂ ਬਿਨਾਂ ਕੇਸਾਂ ਦੇ ਵੀ ਸਿਖ ਸਦਾਂਦਾ ਹੈ। ਭਾਵੇਂ ਇਹ ਸਿੱਖ ਮੰਦਰਾਂ ਵਿਚ ਨਹੀਂ ਜਾਂਦੇ ਅਤੇ ਪੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਰਦੇ ਹਨ, ਪਰ ਰਹਿਤ-ਰਹਿਣੀ ਵਲੋਂ ਕੋਰੇ ਹੋਣ ਕਰਕੇ ਮਨ-ਮਰਜ਼ੀ ਦੇ ਸਿੱਖ ਹੁੰਦੇ ਹਨ, ਜਦ ਕਿ ਸਰਬੱਤ ਖਾਲਸਾ ਦੇ ਸਮਾਗਮ ਵਿਚ ਕੇਵਲ ਉਹ ਹੀ ਸ਼ਾਮਲ ਕੀਤਾ ਜਾ ਸਕਦਾ ਹੈ ਜੋ ਪੂਰਨ ਤੌਰ ਤੇ ਗੁਰੂ ਕਾ ਆਗਿਆਕਾਰੀ ਹੁੰਦਾ ਹੈ ਅਤੇ ਤਿਆਰ-ਬਰ-ਤਿਆਰ ਤੱਤ ਖਾਲਸਾ ਸੱਜ ਕੇ ਸਤਿਗੁਰਾਂ ਦੀ ਭੈ-ਭਾਵਨੀ ਵਿਚ ਵਿਚਰਦਾ ਹੈ।

**ਸਰਬੱਤ ਖਾਲਸਾ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਅੰਤਰ—**

ਸ਼੍ਰੋਮਣੀ ਗੁ: ਪ੍ਰ: ਕਮੇਟੀ ਵੀ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਜਮਾਤ ਅਖਵਾਂਦੀ ਹੈ ਅਤੇ ਸਰਬੱਤ ਖਾਲਸਾ ਵੀ ਸਮੂਹ ਸਿਖ ਜਥੇਬੰਦੀਆਂ ਵਲੋਂ ਚੁਣੇ ਹੋਏ ਨੁਮਾਇੰਦਿਆਂ ਦਾ ਇਕੱਠ ਹੁੰਦਾ ਹੈ। ਪਰ ਇਨ੍ਹਾਂ ਦੋਹਾਂ ਵਿਚ ਬੜਾ ਅੰਤਰ ਹੈ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਸਰਕਾਰ ਵਲੋਂ ਇਤਿਹਾਸਕ ਗੁਰ-ਅਸਥਾਨਾਂ ਦੀ ਸੇਵਾ ਸੰਭਾਲ ਲਈ ੧੯੨੫ ਤੋਂ ਹੋਂਦ ਵਿਚ ਆਈ ਹੈ, ਪਰ 'ਸਰਬਤ ਖਾਲਸਾ' ਸਰਕਾਰੀ ਕਾਨੂੰਨ ਦੁਆਰਾ ਚੁਣੀ ਹੋਈ ਸੰਸਥਾ ਨਹੀਂ, ਸਗੋਂ ਇਹ ਅਰੰਭ ਕਾਲ ਤੋਂ ਸੁਤੰਤਰ ਖਾਲਸਾ ਜਥੇਬੰਦੀਆਂ ਵਲੋਂ ਚੁਣੀ ਹੋਈ ਸੰਸਥਾ ਹੈ, ਜੋ ਸਾਲ ਵਿਚ ਦੋ ਵਾਰ ਦੀਵਾਲੀ ਤੇ ਵੈਸਾਖੀ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਤੇ ਇਕੱਤਰ ਹੋ ਕੇ ਕੌਮੀ ਮਸਲਿਆਂ ਨੂੰ ਵਿਚਾਰਦੀ ਰਹੀ ਹੈ। ਸਰਬੱਤ ਖਾਲਸੇ ਦੀ ਚੋਣ ਦਾ ਤਰੀਕਾ ਸਦਾ ਸੁਤੰਤਰ ਅਤੇ ਖਾਲਸੇ ਦੇ ਆਪਣੇ ਅਧਿਕਾਰ ਵਿਚ ਹੈ, ਜਦ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਰਕਾਰ ਕਰਾਏ ਤਾਂ ਨਵੀਂ ਕਮੇਟੀ ਚੁਣੀ ਜਾ ਸਕਦੀ ਹੈ, ਨਹੀਂ ਤਾਂ ਪਹਿਲੀ ਕਮੇਟੀ ਹੀ ੧੫ ਸਾਲਾਂ ਤੋਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਚਲਾਈ ਜਾ ਰਹੀ ਹੈ।

ਸਰਬੱਤ ਖਾਲਸੇ ਦੇ ਮੈਂਬਰ ਮਿਸਲਾਂ ਵਿਚੋਂ ਆਉਂਦੇ ਸਨ। ਇੰਜ ਉਹ ਇਲਾਕੇ ਦੀ ਹੀ ਨਹੀਂ ਬਲਕਿ ਮਿਸਲ ਦੀ ਪ੍ਰਤੀਨਿਧਤਾ ਭੀ ਕਰਦੇ ਸਨ। ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀਆਂ ਚੋਣਾਂ ਦਾ ਆਧਾਰ ਉਹ ਹਲਕੇ ਹਨ ਜਿਨ੍ਹਾਂ ਨੂੰ ਸਰਕਾਰ ਨਿਸਚਿਤ ਕਰਦੀ ਹੈ ਅਤੇ ਹਰ ਮੈਂਬਰ ਆਪਣੇ ਹਲਕੇ ਦਾ ਪ੍ਰਤੀਨਿੱਧ ਹੁੰਦਾ ਹੈ।

ਸਰਬੱਤ ਖਾਲਸ਼ਾ ਦੇ ਜ਼ਿੰਮੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਦਾ ਪ੍ਰਬੰਧ ਕਰਨਾ ਨਹੀਂ, ਸਗੋਂ ਪੰਥਕ ਮਸਲਿਆਂ ਨੂੰ ਹਲ ਕਰਨਾ ਹੈ। ਪਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਤਾਂ ਉਸ ਸਮੇਂ ਹੋਂਦ ਵਿਚ ਆਈ ਜਦੋਂ ਸਿੰਘ ਸਭਾਵਾਂ ਦੇ ਅੱਧੀ ਸਦੀ ਤੋਂ ਵੱਧ ਦੇ ਪ੍ਰਚਾਰ ਨੇ ਸਿੱਖ ਕੌਮ ਵਿਚ ਐਸੀ ਚੇਤਨਾ ਪੈਦਾ ਕੀਤੀ, ਜਿਸ ਨੇ ਗੁਰਦੁਆਰਿਆਂ ਵਿਚ ਹੋ ਰਹੀਆਂ ਮਹੰਤਾਂ ਦੀਆਂ ਮਨਮਾਨੀਆਂ ਨੂੰ ਹਟਾਉਣ ਦਾ ਅਤੇ ਮਹੰਤੀ ਪ੍ਰਥਾ ਨੂੰ ਮੁੱਢੋਂ, ਉਖੇੜਨ ਦਾ ਫੈਸਲਾ ਕਰਨ ਲਈ ਕੌਮ ਨੂੰ ਅਹਿਸਾਸ ਕਰਵਾਇਆ।

ਸ਼੍ਰੋਮਣੀ ਕਮੇਟੀ ਦੀ ਬਣਤਰ ਅਤੇ ਪ੍ਰਯੋਜਨ ਮੁਢ ਤੋਂ ਹੀ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਇਨ੍ਹਾਂ ਵਿਚ ਇਕੋ ਜਹੀ ਮਰਯਾਦਾ ਕਾਇਮ ਕਰਨਾ ਰਿਹਾ ਹੈ। ਇਸਦਾ ਕੇਂਦਰੀ ਦਫ਼ਤਰ ਬਣਿਆ। ਪ੍ਰਧਾਨ, ਸਕੱਤਰ, ਖ਼ਜ਼ਾਨਚੀ, ਇਨਸਪੈਕਟਰ, ਸੇਵਾਦਾਰ ਆਦਿ ਨਿਯਤ ਕੀਤੇ ਗਏ। ਇਸ ਦਫ਼ਤਰੀ ਅਮਲੇ ਫੈਲੇ ਦੇ ਨਾਲ ਗ੍ਰੰਥੀ, ਰਾਗੀ ਆਦਿ ਸ਼ਾਮਲ ਹੋ ਕੇ ੩੫੦੦ ਤੋਂ ਵਧ ਮੁਲਾਜ਼ਮ ਇਸ ਸੰਸਥਾ ਵਿਚ ਕੰਮ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹਰ ਸਾਲ ਚੁਣੇ ਹੋਏ ਮੈਂਬਰਾਂ ਦੇ ਜਨਰਲ ਇਜਲਾਸ ਵਿਚ ਹੁੰਦੀ ਹੈ, ਉਹ ਆਪਣੀ ਮਰਜ਼ੀ ਨਾਲ ਕਾਰਜ-ਕਾਰੀ ਕਮੇਟੀ ਬਣਾ ਲੈਂਦਾ ਹੈ। ਗੁਰਦੁਆਰਾ ਪ੍ਰਬੰਧ ਦੇ ਨਾਲ ਕਮੇਟੀ ਕਈ ਸਕੂਲ, ਕਾਲਜ, ਹਸਪਤਾਲ ਆਦਿ ਵੀ ਚਲਾਂਦੀ ਹੈ ਅਤੇ ਲੋੜ ਪੈਣ ਤੇ ਲੋਕ-ਭਲਾਈ ਦੇ ਕਾਰਜਾਂ,


www.AKJ.Org

ਦੰਗਾ ਪੀੜਤਾਂ, ਹੜ-ਪੀੜਤਾਂ ਆਦਿ ਵਿਚ ਵੀ ਸਹਾਈ ਹੁੰਦੀ ਹੈ। ਗੁਰਬਾਣੀ ਤੇ ਗੁਰਮਤਿ ਪੁਸਤਕਾਂ ਛਪਵਾਉਣਾ ਵੀ ਇਸ ਦੇ ਕਾਰਜ-ਖੇਤਰ ਵਿਚ ਹੈ।

ਮੌਜੂਦਾ ਸ਼੍ਰੋਮਣੀ ਗੁ: ਪ੍ਰ: ਕਮੇਟੀ ੧੯੨੫ ਦੇ ਸਰਕਾਰੀ ਐਕਟ ਅਧੀਨ ਹੋਂਦ ਵਿਚ ਆਈ। ੧੨ ਅਕਤੂਬਰ ੧੯੩੦ ਵਿਚ ਇਸ ਦੇ ਜਨਰਲ ਹਾਊਸ ਵਿਚ ਇਕ ਮਤਾ ਪਾਸ ਹੋਇਆ ਸੀ ਕਿ ਇਸ ਐਕਟ ਦਾ ਪੰਜ ਸਾਲਾਂ ਪਿਛੋਂ ਕੋਈ ਲੇਖਾ ਜੋਖਾ ਹੋਣਾ ਚਾਹੀਦਾ ਹੈ, ਪਰ ਅੱਜ ਤਕ ਇਸ ਸੰਬੰਧ ਵਿਚ ਕੁਝ ਵੀ ਨਹੀਂ ਹੋਇਆ। ੧੯੨੫ ਵਿਚ ਖਾਲਸਾ ਵਿਦੇਸ਼ੀ ਸਰਕਾਰ ਦੀ ਹਕੂਮਤ ਥੱਲੇ ਸੀ। ੧੯੯੩ ਵਿਚ ਕੌਮ ਆਪਣੇ ਗੁਰਦੁਆਰਿਆਂ ਦੇ ਚੰਗੇ ਪ੍ਰਬੰਧ ਲਈ ਇਸ ਐਕਟ ਵਿਚ ਲੋੜ ਅਨੁਸਾਰ ਤਬਦੀਲੀਆਂ ਕਰ ਸਕਦੀ ਹੈ। ਇਸ ਕਾਰਜ ਲਈ ਕੋਈ ਕਮਿਸ਼ਨ ਜ਼ਰੂਰ ਬਣਨਾ ਚਾਹੀਦੈ, ਜੋ ਲਗ ਪਗ ੭੦ ਵਰ੍ਹਿਆਂ ਦੀ ਇਸ ਸੰਸਥਾ ਦੇ ਕਾਰਜ-ਢੰਗ ਦੀ ਪੜਚੋਲ ਕਰੇ ਅਤੇ ਆਪਣੇ ਸੁਝਾਉ ਦੇਵੇ ਤਾਂ ਕਿ ਪ੍ਰਬੰਧ ਨੂੰ ਹੋਰ ਚੰਗਾ ਬਣਾਇਆ ਜਾ ਸਕੇ।

ਇੰਜ ਜਿੱਥੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਸਰਬੱਤ ਖਾਲਸਾ ਨਾਲ ਬਣਤਰ ਦੇ ਪ੍ਰੀਪੇਖ ਵਿਚ ਅੰਤਰ ਦਿਸਦਾ ਹੈ, ਉਥੇ ਇਸ ਦੇ ਕਾਰਜ-ਖੇਤਰ ਦੀਆਂ ਹੱਦਾਂ ਸਰਬੱਤ ਖਾਲਸਾ ਦੀਆਂ ਹੱਦਾਂ ਦੇ ਸਮਾਨਾਂਤਰ ਚਲਦੀਆਂ ਹਨ। ਦੋਹਾਂ ਦਾ ਪ੍ਰਯੋਜਨ ਪੰਥਕ ਹਿਤ ਹੈ। ਇਸ ਲਈ ਨੇੜ ਭਵਿਖ ਵਿਚ ਜੇ ਕਿਤੇ ਕੌਮ ਨੇ ਸਰਬੱਤ ਖਾਲਸਾ ਦੀ ਸੰਸਥਾ ਨੂੰ ਮੁੜ ਕੇ ਉਜਾਗਰ ਕੀਤਾ ਤਾਂ ਉਸ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਸਹਿਯੋਗ ਦੇਣ ਲਈ ਸੱਜੀ ਬਾਂਹ ਦਾ ਕੰਮ ਕਰ ਸਕਦੀ ਹੈ ਅਤੇ ਕਿਸੇ ਹੱਦ ਤਕ ਮਾਰਗ-ਦਰਸ਼ਨ ਦਾ ਕੰਮ ਭੀ ਕਰ ਸਕਦੀ ਹੈ।

ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਚਲਾਏ, ਪਰ ਸਰਬੱਤ ਖਾਲਸਾ, ਖਾਲਸਾ ਪੰਥ ਦੇ ਹਰ ਪ੍ਰਕਾਰ ਦੇ ਧਾਰਮਕ, ਸਮਾਜਿਕ, ਸਿਆਸੀ, ਆਰਥਿਕ ਮਸਲਿਆਂ ਤੇ ਵਿਚਾਰ ਕਰ ਕੇ ਨਿਰਣੇ ਲਵੇ। ਦੋਹਾਂ ਦੇ ਖੇਤਰ ਅੱਡ ਅੱਡ ਰਖੇ ਜਾਣ।

**ਸਰਬੱਤ ਖਾਲਸਾ ਦੀ ਮੌਜੂਦਾ ਸਮੇਂ ਵਿਚ ਬਣਤਰ—**

'ਸਰਬੱਤ ਖਾਲਸਾ' ਨੂੰ ਮੁੜ ਕੇ ਉਜਾਗਰ ਕਰਨ ਦੀ ਲੋੜ ਹੈ। ਸਰਬੱਤ ਖਾਲਸਾ ਦਾ ਸੰਗਠਨ ਅਤਿ ਜ਼ਰੂਰੀ ਹੈ। ੧੮੦੯ ਤੋਂ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਸਰਬੱਤ ਖਾਲਸਾ ਨੂੰ ਆਪਣੇ ਸਿਆਸੀ ਹਿੱਤਾਂ ਨੂੰ ਮੁੱਖ ਰੱਖ ਕੇ ਖਤਮ ਕਰ ਦਿੱਤਾ ਸੀ, ਜੋ ਵੱਡੀ ਭੁਲ ਕਹੀ ਜਾ ਸਕਦੀ ਹੈ। ਇਸ ਵਕਤ ਕੌਮ ਨੂੰ ਐਸੇ ਮਸਲੇ ਦਰਪੇਸ਼ ਹਨ ਜਿਨ੍ਹਾਂ ਦਾ ਹਲ ਸ਼੍ਰੋ: ਗੁ: ਪ੍ਰ: ਕਮੇਟੀ ਦੇ ਕਾਰਜ-ਖੇਤਰ ਤੋਂ ਬਾਹਰ ਹੈ। ਮਿਸਾਲ ਵਜੋਂ ਸਮੁਚੇ ਪੰਥ ਦਾ ਇਕੋ ਹੀ ਗੁਰੂ ਹੈ, ਇਕੋ ਗੁਰਮੰਤਰ ਹੈ, ਇਕੋ ਬਾਣੀ ਹੈ, ਜੋ ਸਾਡੇ ਜੀਵਨ ਦਾ ਆਧਾਰ ਹੈ, ਤਾਂ ਫਿਰ ਸਾਰੇ ਪੰਥ ਵਿਚ ਰਹਿਤ ਮਰਯਾਦਾ ਭਿੰਨ ਭਿੰਨ ਕਿਉਂ ਹਨ? ਇਸ ਸਭ ਕਾਸੇ ਨੂੰ ਇਕ-ਸਾਰ ਕਰਨ ਲਈ 'ਸਰਬੱਤ ਖਾਲਸਾ' ਦੀ ਹੋਂਦ ਅਤਿ ਜ਼ਰੂਰੀ ਹੈ, ਜੋ ਸਰਬੱਤ ਪੰਥਕ ਜਥੇਬੰਦੀਆਂ ਨੂੰ ਇਕੱਤਰ ਕਰ ਕੇ ਸਰਬ-ਸੰਮਤੀ ਨਾਲ ਸਮੂਹ ਫ਼ੈਸਲੇ ਕਰੇ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਾ ਸਕੇ।

ਹੁਣ ਕਈ ਸਵਾਲ ਪੈਦਾ ਹੁੰਦੇ ਹਨ, ਜਿਵੇਂ ਨਵਾਂ ਬਣਿਆ ਸਰਬੱਤ ਖਾਲਸਾ ਸਦੀਵੀ ਸੰਸਥਾ ਹੋਵੇ ਜਾਂ ਪੁਰਾਤਨ ਸਰਬੱਤ ਖਾਲਸਾ ਵਾਂਗ ਸੰਕਟ-ਕਾਲੀਨ ਸੰਸਥਾ? ਇਸ ਨੂੰ ਬੁਲਾਉਣ ਦਾ ਅਧਿਕਾਰੀ ਕੌਣ ਹੋਵੇ? ਇਸ ਦੇ ਇਕੱਠ ਕਦੋਂ ਕਦੋਂ ਹੋਇਆ ਕਰਨ? ਇਸ ਦੇ ਗੁਰਮੱਤੇ ਕਿਵੇਂ ਪਾਸ ਹੋ ਕੇ ਲਾਗੂ ਕਰਵਾਏ ਜਾਣ? ਜੇ ਕੋਈ ਜਥਾ ਆਕੀ ਹੋ ਖੜੋਵੇ ਤਾਂ ਸਰਬੱਤ ਖਾਲਸਾ ਕੀ ਕਾਰਵਾਈ ਕਰੇ? ਇਹ ਐਸੇ ਪ੍ਰਸ਼ਨ ਹਨ, ਜਿਨ੍ਹਾਂ ਉਪਰ ਵਿਚਾਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਵਿਦਵਾਨਾਂ ਦਾ ਇਕ ਪ੍ਰਤੀਨਿਧ ਕਮਿਸ਼ਨ ਬਣਾਇਆ ਜਾਵੇ, ਜਿਸ ਨੂੰ ਇਹ ਕਾਰਜ ਸੌਂਪਿਆ ਜਾਵੇ। ਇਸ ਵਿਸ਼ੇ ਉਤੇ ਕੁਝ ਸੁਝਾਉ ਹੀ ਦਿਤੇ ਜਾ ਸਕਦੇ ਹਨ:—

(ੳ) 'ਸਰਬੱਤ ਖਾਲਸਾ' ਦੇ ਇਕੱਠ ਦਾ ਆਧਾਰ ਸਮਾਨਤਾ ਹੈ, ਦੂਜਿਆਂ ਦੇ ਵਿਚਾਰਾਂ ਦਾ ਸਤਿਕਾਰ ਕਰਨਾ ਹੈ। ਸਭ ਨੂੰ ਆਪਣੇ ਵਿਚਾਰ ਰਖਣ ਦਾ ਹੱਕ ਹੋਣਾ ਚਾਹੀਦਾ ਹੈ। ਵਿਚਾਰਾਂ ਦੀ ਭਿੰਨਤਾ ਇਕ ਸੁਭਾਵਕ


www.AKJ.Org

ਗੱਲ ਹੈ।

(ਅ) 'ਗੁਰਮੱਤਾ' ਕੇਵਲ ਸਰਬ-ਸੰਮਤੀ ਨਾਲ ਕੀਤਾ ਜਾਣਾ ਚਾਹੀਦਾ ਹੈ। ਬਹੁ-ਗਿਣਤੀ ਸਿਸਟਮ ਨਾਲ ਪੰਥ ਵਿਚ ਫੁਟ ਪੈਣ ਦਾ ਡਰ ਬਣਿਆ ਰਹੇਗਾ। ਜੇਕਰ ਸਾਰਿਆਂ ਦੀ ਸਹਿਮਤੀ ਨਹੀਂ ਹੁੰਦੀ ਤਾਂ ਕੁਝ ਸਮਾਂ ਦੋਹਾਂ ਧਿਰਾਂ ਨੂੰ ਹੋਰ ਦਿਓ ਤਾਂਕਿ ਉਹ ਪੂਰਨ ਭੈ-ਭਾਵਨੀ ਅਤੇ ਪੰਥਕ ਹਿੱਤਾਂ ਨੂੰ ਮੁਖ ਰਖ ਕੇ ਕੋਈ ਸਰਬ-ਸਾਂਝਾ ਹਲ ਲਭਣ। ਗੁਰਮਤਿ ਦੀ ਸਪਿਰਟ ਹੈ ਸਰਬ-ਸਹਿਮਤੀ।

(ੲ) ਸਰਬੱਤ ਖਾਲਸਾ ਦੇ ਪੁਨਰ-ਗਠਨ ਲਈ ਸਿੱਖ ਸਮੁਦਾਏ ਨੂੰ ਪਹਿਲਾਂ ਇਕ ਫ਼ੈਡਰਲ ਰੂਪ ਵਿਚ ਸੰਗਠਤ ਕਰਨਾ ਚਾਹੀਦਾ ਹੈ। ਇਸ ਕਾਰਜ ਲਈ ਆਰਜ਼ੀ ਖੇਤਰ ਨਿਸਚਿਤ ਕਰ ਕੇ ਸਿੰਘ ਸਭਾਵਾਂ/ਹੋਰ ਧਾਰਮਕ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਤੀਨਿੱਧ ਇਕਾਈਆਂ ਬਣਾਈਆਂ ਜਾ ਸਕਦੀਆਂ ਹਨ। ਇਸੇ ਪੈਟਰਨ ਤੇ ਦੇਸ਼ ਅਤੇ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੋੜਿਆ ਜਾਵੇ। ਇਨ੍ਹਾਂ ਪ੍ਰਤੀਨਿੱਧ ਯੂਨਿਟਾਂ ਵਿਚੋਂ ਇਕ ਜਾਂ ਦੋ ਡੈਲੀਗੇਟ 'ਸਰਬੱਤ ਖਾਲਸਾ' ਲਈ ਲਏ ਜਾਣ। ਪਰ ਹਰ ਮੈਂਬਰ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ।

(ਸ) ਇੰਜ ਕਾਇਮ ਹੋਏ ਸਰਬੱਤ ਖਾਲਸਾ ਦੀ ਪਹਿਲੀ ਇਕੱਤਰਤਾ ਵਿਚ 'ਵਿਧਾਨ' ਤਿਆਰ ਹੋਵੇ, ਜਿਸ ਵਿਚ ਉਪਰੋਕਤ ਮਸਲਿਆਂ ਉਪਰ ਖੁਲ੍ਹ ਕੇ ਵਿਚਾਰ ਹੋਵੇ ਅਤੇ ਸਰਬੱਤ ਖਾਲਸੇ ਦਾ ਸੰਵਿਧਾਨ ਪਰਵਾਨ ਕੀਤਾ ਜਾਵੇ।

(ਹ) ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕ ਸਕੱਤਰੇਤ ਹੋਣਾ ਚਾਹੀਦਾ ਹੈ, ਜੋ ਕੇਵਲ 'ਸਰਬੱਤ ਖਾਲਸਾ' ਦਾ ਹੀ ਸਕੱਤਰੇਤ ਹੋਵੇ।

(ਕ) ਸਰਬੱਤ ਖਾਲਸੇ ਦੇ ਪਾਸ ਕੀਤੇ ਮਤਿਆ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕ ਵੱਖਰਾ ਵਿਭਾਗ ਹੋਣਾ ਚਾਹੀਦਾ ਹੈ, ਜੋ ਥਾਂ ਥਾਂ ਜਾ ਕੇ ਖਾਲਸਾ ਪੰਥ ਦੀ ਧਾਰਮਿਕ ਸਿਹਤ ਦੀ ਸਾਂਭ-ਸੰਭਾਲ ਕਰੇ ਅਤੇ ਸਮੁਚੇ ਪੰਥ ਵਿਚ ਇਕੋ ਰਹਿਤ ਮਰਯਾਦਾ ਨੂੰ ਲਾਗੂ ਕਰਾਏ। ਸਾਡੀ ਅਰਦਾਸ ਇਕ ਹੋਵੇ। ਸਾਡਾ ਆਚਾਰ-ਵਿਹਾਰ ਦਾ ਪੈਟਰਨ ਖਾਲਸਈ ਹੋਵੇ। ਸਿੱਖੀ ਸਰੂਪ ਅਤੇ ਸਿੱਖ ਧਰਮ ਦੀ ਆੜ ਵਿਚ ਸਿੱਖਾਂ ਦਾ ਜੋ ਸ਼ੋਸ਼ਣ ਹੋ ਰਿਹਾ ਹੈ, ਇਸ ਨੂੰ ਠੱਲ੍ਹ ਪਾਈ ਜਾਏ।

(ਖ) ਪਰਵਾਨ ਹੋਏ ਗੁਰਮਤੇ ਨੂੰ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਫ਼ੈਡਰਲ (ਖੇਤਰੀ) ਜਥੇਦਾਰਾਂ ਦੀ ਹੋਣੀ ਚਾਹੀਦੀ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪੰਥ ਦੇ ਸਰਬ-ਉਚ ਤਖ਼ਤ ਸਾਹਿਬ ਦੇ ਮੁਖ ਸੇਵਾ-ਦਾਰ ਹਨ। ਇਨ੍ਹਾਂ ਨੂੰ ਛੋਟੇ ਮੋਟੇ ਕੰਮਾਂ ਵਿਚ ਉਲਝਾਣਾ ਨਹੀਂ ਚਾਹੀਦਾ। ਉਨ੍ਹਾਂ ਦੀ ਸਕਤਰੇਤ ਦੇ ਅਧਿਕਾਰੀ, ਖੇਤਰੀ-ਮੁਖੀਆਂ ਤੋਂ ਗੁਰਮਤੇ ਦੇ ਲਾਗੂ ਹੋਣ ਬਾਰੇ ਤਾਲ-ਮੇਲ ਰਖਣ। ਕਾਰਜ ਦਾ ਵਿਕੇਂਦਰੀਕਰਣ ਕਰਨਾ ਜ਼ਰੂਰੀ ਹੈ। ਖੇਤਰੀ ਮੁਖੀ ਨੂੰ ਮਿਸਲਾਂ ਦੇ ਮੁਖੀਆਂ ਵਾਂਗ ਸਮਝਣਾ ਚਾਹੀਦਾ ਹੈ ਅਤੇ ਖੇਤਰੀ ਮਸਲੇ ਉਹ ਆਪਣੇ ਪੱਧਰ ਤੇ ਹੀ ਹਲ ਕਰਨ।

ਮਤਿਆਂ ਨੂੰ ਲਾਗੂ ਕਰਾਉਣ ਦੀ ਅੰਤਮ ਜ਼ਿਮੇਵਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਵੇ, ਪਰ ਉਨ੍ਹਾਂ ਦੀ ਰੀਪੋਰਟ ਦਾ ਆਧਾਰ ਖੇਤਰੀ-ਮੁਖੀਆਂ ਤੋਂ ਪ੍ਰਾਪਤ ਸੂਚਨਾ ਹੋ ਸਕਦੀ ਹੈ। ਖੇਤਰੀ ਮੁਖੀਆਂ ਨਾਲ ਜਥੇਦਾਰ ਸਾਹਿਬ ਨਿਰੰਤਰ ਸੰਪਰਕ ਬਣਾਈ ਰਖਣ।

ਜੇ ਕੋਈ ਜਥਾ, ਸੰਪ੍ਰਦਾ, ਡੇਰੇਦਾਰ ਜਾਂ ਵਿਅਕਤੀ ਪਰਵਾਨ ਹੋਏ ਗੁਰਮਤਿਆਂ ਦੀ ਉਲੰਘਣਾ ਕਰਦਾ ਹੈ ਜਾਂ ਲਾਗੂ ਕਰਨ ਵਿਚ ਆਨੀ ਕਾਨੀ ਕਰਦਾ ਹੈ ਤਾਂ ਖੇਤਰੀ-ਮੁਖੀ ਤੁਰੰਤ ਉਸ ਤੋਂ 'ਕਾਰਨ ਦਸੋ' ਦੇ ਨੋਟ ਦੁਆਰਾ ਸਪੱਸ਼ਟੀਕਰਣ ਮੰਗੇ ਤੇ ਇਸ ਕਾਰਜ ਨੂੰ ਸਮਾਂ-ਬੱਧ ਕਰ ਕੇ ਉਤਰ ਲਵੇ। ਇਸ ਕੰਮ ਵਿਚ ਕਿਸੇ ਕਿਸਮ ਦਾ ਡਰ-ਡਰਾਵਾ ਜਾਂ ਧਮਕੀ ਨਹੀਂ ਦਿਤੀ ਜਾਣੀ ਚਾਹੀਦੀ। ਸਗੋਂ ਸੰਭਵ ਹਾਲਾਤ ਮੁਜਬ ਪੰਥ-ਹਿਤੈਸ਼ੀਆਂ ਦੀ ਸੇਵਾ ਲੈ ਕੇ ਆਕੀ ਹੋਏ ਮੁਖੀਆਂ ਨੂੰ ਬੜੇ ਪਿਆਰ ਤੇ ਧੀਰਜ ਨਾਲ ਸਮਝਾਣਾ ਚਾਹੀਦਾ ਹੈ, ਨਾ


www.AKJ.Org

ਕਿ ਕਿਸੇ ਜਥੇ ਜਾਂ ਸੰਪ੍ਰਦਾ ਨੂੰ ਪੰਥ ਵਿਚੋਂ ਖ਼ਾਰਜ ਕਰਨਾ। ਜੇਕਰ ਜਥੇ, ਸੰਪ੍ਰਦਾ ਜਾਂ ਡੇਰੇ ਦਾ ਮੁਖੀ ਨਹੀਂ ਮੰਨਦਾ ਤਾਂ ਉਸ ਸੰਪ੍ਰਦਾ ਜਾਂ ਡੇਰੇ ਆਦਿ ਦੇ ਪੰਥਕ ਸੋਚ ਵਾਲੇ ਗੁਰਸਿੱਖਾਂ ਨੂੰ ਪਿਆਰ ਨਾਲ ਪ੍ਰੇਰ ਕੇ ਲਾਮਬੰਦ ਕੀਤਾ ਜਾ ਸਕਦਾ ਹੈ। ਇਸ ਸਾਰੇ ਕਾਰਜ ਵਿਚ ਖੇਤਰੀ ਮੁਖੀ ਦੀ ਸਹਾਇਤਾ ਲੋੜ ਅਨੁਸਾਰ ਜਥੇਦਾਰ ਸਾਹਿਬ ਵੀ ਕਰ ਸਕਦੇ ਹਨ। ਜਥੇਦਾਰ ਸਾਹਿਬ ਦੀਆਂ ਸੇਵਾਵਾਂ ਅਤਿ ਸੰਕਟ ਜਾਂ ਲੋੜ ਸਮੇਂ ਹੀ ਵਰਤੀਆਂ ਜਾਣ, ਤਾਕਿ ਉਨ੍ਹਾਂ ਦੇ ਪਦ ਦੀ ਪ੍ਰਤਿਸਠਾ ਕਾਇਮ ਰਖੀ ਜਾ ਸਕੇ।

## ਸਰਬੱਤ ਖਾਲਸੇ ਦੀ ਇਕੱਤਰਤਾ ਵਿੱਚ ਗੁਰਮਤਿਆਂ ਦੀ ਵਿਧੀ ਅਤੇ ਜੁਗਤ–

ਸਰਬੱਤ ਖਾਲਸਾ ਲੋਕ ਤੰਤਰ, ਧਰਮ ਪ੍ਰਧਾਨਤਾ, ਸਰਬੱਤ ਦਾ ਭਲਾ, ਸਿੱਖੀ ਜਜ਼ਬਾ, ਅਤੇ ਪ੍ਰਸਪਰ ਸਨਮਾਨ ਦੇ ਥੰਮਾਂ ਤੇ ਖੜੀ ੧੮ਵੀਂ ਸਦੀ ਦੀ ਸੰਸਥਾ ਸੀ। ਇਸ ਦੀ ਇਕੱਤਰਤਾ ਦਾ ਸਭ ਤੋਂ ਅਹਿਮ ਭਾਗ ਗੁਰਮਤਾ ਸੀ। ਇਉਂ ਕਹਿ ਸਕਦੇ ਹਾਂ ਕਿ ਗੁਰਮਤੇ ਖ਼ਾਤਰ ਹੀ ਤਾਂ ਸਾਲ ਵਿੱਚ ਦੋ ਵਾਰੀ 'ਦਲ ਖਾਲਸਾ' ਨੇ ਸ੍ਰੀ ਅਕਾਲ ਤਖਤ ਤੇ ਦਰਸ਼ਨਾਂ ਨੂੰ ਆਉਣਾ ਤੇ ਪੰਥ ਨੂੰ ਦਰਪੇਸ਼ ਮਸਲਿਆਂ ਤੇ ਵਿਚਾਰ ਕਰਨੀ ਹੁੰਦੀ ਸੀ। ਇਸ ਵਿਚਾਰ-ਵਟਾਂਦਰੇ ਤੋਂ ਮਗਰੋਂ ਜੋ ਸਾਂਝਾ ਮਤਾ ਪਾਸ ਹੁੰਦਾ, ਉਸ ਨੂੰ ਗੁਰਮਤਾ ਕਹਿੰਦੇ ਹਨ। ਡਾ: ਤ੍ਰਿਲੋਚਨ ਸਿੰਘ ਆਪਣੀ ਪੁਸਤਕ *Guru Nanak's Religion* ਵਿਚ ਕਹਿੰਦੇ ਹਨ ਕਿ ਗੁਰਮਤਿ ਦੇ ਅਰਥ ਹਨ ਗੁਰੂ ਦੀ ਸੋਚ, ਸਿੱਖ ਧਰਮ ਦਾ ਦੂਜਾ ਨਾਮ ਗੁਰਮਤਿ ਹੈ। ਖਾਲਸੇ ਨੂੰ ਆਪਣੀ ਮਤਿ ਤਿਆਗਣ ਦਾ ਹੁਕਮ ਹੈ।

ਮਨ ਕੀ ਮਤਿ ਤਿਆਗਹੁ ਹਰਿ ਜਨ, ਏਹਾ ਬਾਤ ਕਠੈਨੀ ॥੩॥੫॥ (ਪੰਨਾ ੮੦੦)

ਸੋ ਗੁਰਮਤਾ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇਸ ਲਈ ਕੀਤਾ ਜਾਂਦਾ ਸੀ ਕਿ ਸਾਡੇ ਵਿਚਾਰ-ਵਟਾਂਦਰੇ ਵਿੱਚ ਗੁਰੂ ਮਹਾਰਾਜ ਭੀ ਸ਼ਾਮਲ ਮੰਨੇ ਜਾਂਦੇ ਸਨ। ਅਤੇ ਸਚੇ ਦਿਲੋਂ ਭੈ ਭਾਵਨੀ ਵਿੱਚ ਰਹਿੰਦੇ ਹੋਏ, ਪੰਥਕ ਹਿੱਤਾਂ ਨੂੰ ਮੁੱਖ ਰੱਖਦਿਆਂ ਅਰੰਭ ਵਿੱਚ ਅਰਦਾਸਾ ਸੋਧ ਕੇ ਸਚੇ ਪਾਤਸ਼ਾਹ ਤੋਂ ਅਗਵਾਈ ਮੰਗੀ ਜਾਂਦੀ ਸੀ। ਫਿਰ ਆਪਸੀ ਵਿਚਾਰ ਵਟਾਂਦਰਾ ਹੁੰਦਾ। ਮਿਸਲਾਂ ਨੂੰ ਅਗਲਾ ਪ੍ਰੋਗਰਾਮ ਦਿੱਤਾ ਜਾਂਦਾ। ਗੁਰਦੁਆਰਿਆਂ ਦੀ ਸਾਂਭ ਸੰਭਾਲ, ਰਾਖੀ-ਸਿਸਟਮ ਰਾਹੀਂ ਇਲਾਕਿਆਂ ਦੀ ਵੰਡ ਆਦਿ ਮਸਲੇ ਤੈਅ ਹੁੰਦੇ ਸਨ। ਜੇ ਕੋਈ ਹੋਰ ਗੁੰਝਲਦਾਰ ਮਸਲਾ ਭੀ ਆ ਜਾਂਦਾ ਤਾਂ ਜਿਸ ਮਤੇ ਉਤੇ ਸਹਿਮਤੀ ਨਾ ਹੁੰਦੀ ਤਾਂ ਮੈਲਕਾਮ (*The Sketch of the Sikhs, P-12*) ਅਨੁਸਾਰ (ਭਜਨ ਬੰਦਗੀ ਵਾਲੇ) ਸਿੰਘ ਉਸ ਇਕੱਠ ਵਿਚੋਂ ਸਰਬ ਸੰਮਤੀ ਨਾਲ ਫੌਰੀ ਤੌਰ ਤੇ ਚੁਣ ਲਏ ਜਾਂਦੇ ਸਨ। ਉਨ੍ਹਾਂ ਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਇਕੱਲਿਆਂ ਛੱਡ ਦਿੱਤਾ ਜਾਂਦਾ। ਉਹ ਆਪੋ ਵਿੱਚ ਇਕ ਰਾਏ ਕਰ ਕੇ ਗੁਰਮਤਾ ਕਰਦੇ ਅਤੇ ਆਪਣੇ ਵਿਚੋਂ ਇਕ ਨੂੰ ਜਥੇਦਾਰ ਟਿੱਕ ਕੇ, ਉਸ ਰਾਹੀਂ ਸਰਬੱਤ ਖਾਲਸਾ ਜੀ ਨੂੰ ਪੰਚਾਂ ਦਾ ਫੈਸਲਾ ਸੁਣਾ ਦਿੰਦੇ ਸਨ। ਪੰਚਾਂ ਦੇ ਫੈਸਲੇ ਨੂੰ ਅੱਜ ਵੀ ਸਿੱਖ ਜਗਤ ਗੁਰੂ ਦੇ ਹੁਕਮ ਤੁਲ ਮੰਨਦਾ ਹੈ। ਉਦੋਂ ਭੀ ਕੋਈ ਪੰਚਾਂ ਦੇ ਹੁਕਮ ਤੋਂ ਆਕੀ ਹੋਣ ਦੀ ਜੁਰਅਤ ਨਹੀਂ ਸੀ ਕਰਦਾ।

ਮਿਸਲਾਂ ਦੇ ਹਰੇਕ ਮੁਖੀ ਜਾਂ ਉਸ ਦੇ ਸਹਾਇਕ ਨੂੰ (ਸਮਾਨਤਾ ਦੇ ਰੂਬਰੂ)ਪੇਸ਼ ਹੋਏ ਮਤਿਆਂ ਉਪਰ ਆਪਣੇ ਵਿਚਾਰ ਪੇਸ਼ ਕਰਨ ਦੀ ਖੁਲ੍ਹ ਹੁੰਦੀ ਸੀ। ਇਤਿਹਾਸ ਦੀਆਂ ਪੁਸਤਕਾਂ ਵਿੱਚ ਇਹ ਭੀ ਲਿਖਿਆ ਮਿਲਦਾ ਹੈ ਕਿ ਮਿਸਲਾਂ ਦੇ ਮੁਖੀ ਆਪਣੇ ਪ੍ਰਤੀਨਿੱਧ ਜੱਥੇ ਨਾਲ ਸਰਬੱਤ ਖਾਲਸਾ ਦੇ ਸਮਾਗਮ ਵਿੱਚ ਜਦੋਂ ਸ਼ਾਮਲ ਹੋਣ ਲਈ ਜਾਂਦੇ ਸਨ ਤਾਂ ਅਰਦਾਸੇ ਵਿਚ ਇਹੋ ਕਬੂਲ ਕਰਦੇ ਸਨ ਕਿ ਉਹ ਆਪਣੀ ਮਿਸਲ ਦੇ ਹਿੱਤਾਂ ਤੋਂ ਉਪਰ ਉਠ ਕੇ ਗੁਰੂ ਪੰਥ ਦੇ ਹਿੱਤਾਂ ਦੀ ਸੋਚ ਧਾਰ ਕੇ ਹਾਜ਼ਰ ਹੋਏ ਹਨ। ਇਸੇ ਕਰਕੇ ਗੁਰਮਤਿਆਂ ਦੇ ਸਰਬ-ਸੰਮਤੀ ਨਾਲ ਪਾਸ ਹੋਣ ਵਿੱਚ ਅੜਿਕੇ ਨਹੀਂ ਸੀ ਪੈਂਦੇ।

# ਗੁਰੂ ਰਾਮ ਦਾਸ ਜੀ : ਵਿਅੱਕਤਿਤੱਵ ਤੇ ਜਗਤ-ਫੇਰੀ

[ਡਾ: ਭਜਨ ਸਿੰਘ ਜੀ ਗਿਆਨੀ]

ਵਾਰ ਰਾਮਕਲੀ ਵਿਚ ਰਾਇ ਬਲਵੰਡ ਤੇ ਸਤਾ ਗੁਰੂ ਰਾਮਦਾਸ ਜੀ ਦੇ ਵਿਅੱਕਤਿੱਤਵ ਦੀ ਵਡਿਆਈ ਕਰਦੇ ਹੋਏ ਲਿਖਦੇ ਹਨ, "ਹੇ ਗੁਰੂ ਰਾਮਦਾਸ ! ਤੁਸੀਂ ਧੰਨ ਹੋ। ਜਿਸ ਸਿਰਜਨਹਾਰ ਪ੍ਰਭੂ ਪਰਮਾਤਮਾ ਨੇ ਤੁਹਾਨੂੰ ਸਿਰਜਿਆ, ਉਸ ਨੇ ਹੀ ਤੁਹਾਨੂੰ ਵਡਿਆਇਆ। ਇਹ ਵੀ ਪੂਰੀ ਕਰਾਮਾਤ ਹੋਈ ਕਿ ਉਸੇ ਸਿਰਜਨਹਾਰ ਨੇ ਆਪਣਾ ਆਪ ਤੁਹਾਡੇ ਵਿਚ ਰਖ ਦਿਤਾ ਹੈ। ਸਿਖ ਸੰਗਤਾਂ ਨੇ ਉਸੇ ਸਿਰਜਨਹਾਰ ਦਾ ਰੂਪ ਜਾਣ ਕੇ ਤੁਹਾਨੂੰ ਨਮਸਕਾਰ ਕੀਤੀ ਹੈ। ਤੁਸੀਂ ਅਹਿਲ ਤੇ ਅਡੋਲ ਹੋ। ਤੁਹਾਡੇ ਗੁਣਾਂ ਦਾ ਕੋਈ ਅਨੁਮਾਨ ਨਹੀਂ ਲਾ ਸਕਦਾ। ਪ੍ਰੇਮ ਨਾਲ ਤੁਹਾਡੀ ਸੇਵਾ ਕਰਨ ਵਾਲਾ ਸੰਸਾਰ ਸਾਗਰ ਤੋਂ ਪਾਰ ਹੋ ਗਿਆ। ਤੁਸੀਂ ਲੱਬ, ਲੋਭ, ਕਾਮ, ਕ੍ਰੋਧ ਤੇ ਮੋਹ ਨੂੰ ਮਾਰ ਕੇ ਬਾਹਰ ਕਢ ਦਿਤਾ ਹੈ। ਤੁਸੀਂ ਹੀ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਹੋ। ਵਾਰ ਵਿਚ ਉਹਨਾਂ ਦੇ ਬਚਨ ਹਨ :

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ਹੀ ਤੂ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾ ਮਨੁ ਸਾਧਾਰਿਆ ॥੭॥ (ਆਦਿ ਗ੍ਰੰਥ, ਰਾਮਕਲੀ ਕੀ ਵਾਰ, ੯੬੮)

ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਦੀ ਬਾਣੀ ਦੇ ੧੨੩ ਸਵੱਯੇ ਸਾਰੇ ਗੁਰੂ ਸਾਹਿਬਾਨ ਬਾਰੇ ਹਨ, ਜਿਨ੍ਹਾਂ ਵਿਚੋਂ ੬੦ ਗੁਰੂ ਰਾਮਦਾਸ ਜੀ ਬਾਰੇ ਹਨ। (ਸੋਢੀ ਹਿੰਮਤ ਸਿੰਘ, ਗੁਰੂ ਰਾਮਦਾਸ ਜੀਵਨ ਤੇ ਰਚਨਾ—੧੯੮੯ ਐ:, ਸਫਾ ੬੪)। ਇਹਨਾਂ ਭੱਟਾਂ ਨੇ ਗੁਰੂ ਜੀ ਦੇ ਦੈਵੀ ਗੁਣਾਂ ਦੇ ਸੋਹਲੇ ਗਾਏ ਹਨ। ਗੁਰੂ ਰਾਮਦਾਸ ਨੂੰ ਹਰੀ ਦਾ ਰੂਪ ਦਸਿਆ ਹੈ ਤੇ ਅਰਜ਼ੋਈ ਕੀਤੀ ਹੈ ਕਿ ਗੁਰੂ ਰਾਮਦਾਸ ਤੁਸੀਂ ਸਾਨੂੰ ਆਪਣੀ ਸ਼ਰਨ ਵਿਚ ਰਖ ਲਵੋ। ਭੱਟ ਕੀਰਤ ਗੁਰੂ ਰਾਮਦਾਸ ਦੇ ਵਿਅੱਕਤਿੱਤਵ ਅਗੇ ਇਉਂ ਅਰਦਾਸ ਕਰਦਾ ਹੈ :

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥...
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੬)

ਸਲ੍ਹ ਭੱਟ ਤਾਂ ਸਿੱਧਾ ਹੀ ਕਹਿੰਦਾ ਹੈ ਕਿ ਗੁਰੂ ਰਾਮਦਾਸ ਜੀ ਆਪ ਪਰਮੇਸ਼ਰ ਹੈ, ਚਾਰੇ ਜੁਗਾਂ ਦਾ ਸਤਿਗੁਰੂ ਹੈ। ਉਹ ਆਪ ਦੇ ਵਿਅੱਕਤਿੱਤਵ ਨੂੰ ਇਉਂ ਵਡਿਆਉਂਦਾ ਹੈ :

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥
ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥
ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥
ਗੁਰੂ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥


www.AKJ.Org

ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ ॥੨॥੬੦॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੬)

ਇਸੇ ਤਰ੍ਹਾਂ ਭੱਟ ਨਲ੍ਯ ਗੁਰੂ ਰਾਮਦਾਸ ਜੀ ਦੀ ਉਪਮਾ ਕਰਦਿਆਂ ਕਹਿੰਦਾ ਹੈ ਕਿ ਉਸ (ਗੁਰੂ ਰਾਮਦਾਸ) ਦੇ ਸਿਮਰਨ ਨਾਲ ਮਨੁੱਖ ਵਿਚ ਅਜਿਹੀ ਤਬਦੀਲੀ ਆ ਜਾਂਦੀ ਹੈ ਜਿਵੇਂ ਪਾਰਸ ਦੀ ਛੁਹ ਨਾਲ ਕੱਚ ਸੋਨਾ ਹੋ ਜਾਂਦਾ ਹੈ ਤੇ ਚੰਦਨ ਦੀ ਛੁਹ ਨਾਲ ਆਲੇ ਦੁਆਲੇ ਦੇ ਹੋਰ ਰੁਖ ਸੁਗੰਧਤ ਹੋ ਜਾਂਦੇ ਹਨ :

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥੩॥੬॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੯੯)

ਮਥਰਾ ਭੱਟ ਅਨੁਸਾਰ ਗੁਰੂ (ਰਾਮਦਾਸ) ਪਵਿੱਤਰ ਨਾਮ-ਰੂਪ ਅੰਮ੍ਰਿਤ ਦਾ ਨੱਕਾ ਨੱਕ ਭਰਿਆ ਤਲਾਅ ਹੈ, ਜਿਸ ਵਿਚ ਦਿਨ ਚੜ੍ਹਨ ਤੋਂ ਪਹਿਲਾਂ ਬਾਣੀ ਦੀਆਂ ਲਹਿਰਾਂ ਉਠਦੀਆਂ ਹਨ। ਇਹ ਤਲਾਅ ਬਹੁਤ ਡੂੰਘਾ, ਅਥਾਹ ਤੇ ਸਦਾ ਭਰਿਆ ਰਹਿੰਦਾ ਹੈ। ਇਹ ਸਭ ਤਰ੍ਹਾਂ ਦੇ ਰਤਨਾਂ ਦਾ ਭੰਡਾਰ ਹੈ :

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥
ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥
ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥
ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੪)

ਭਾਈ ਗੁਰਦਾਸ ਜੀ ਨੇ ਵੀ ਇਹੀ ਪ੍ਰਭਾਵ ਦੁਹਰਾਇਆ ਹੈ ਕਿ ਗੁਰੂ ਰਾਮਦਾਸ ਜੀ ਆਪਣੇ ਆਤਮਕ ਤੇ ਮਾਨਸਕ ਗੁਣਾਂ ਵਿਚ ਸ੍ਰੀ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਦੇ ਸਾਮਾਨ ਸਨ। ਭਾਈ ਨੰਦ ਲਾਲ ਨੇ ਗੁਰੂ ਰਾਮਦਾਸ ਜੀ ਨੂੰ ਖ਼ਲਕਤ ਦਾ ਸਿਰਤਾਜ ਅਤੇ ਸਿਦਕ ਤੇ ਪਵਿੱਤਰਤਾ ਦਾ ਬਾਦਸ਼ਾਹ ਦਸਿਆ ਹੈ' (ਸੋਢੀ ਹਿੰਮਤ ਸਿੰਘ, ਗੁਰੂ ਰਾਮਦਾਸ ਜੀਵਨ ਤੇ ਰਚਨਾ (੧੯੮੬) ਸਫ਼ਾ ੬੫)। ਸ: ਭਗਤ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੁਸਤਕ ਗੁਰੂ ਰਾਮਦਾਸ ਦੇ ਮੁਢ ਵਿਚ 'ਦੋ ਸ਼ਬਦ' ਵਿਚ ਲਿਖਿਆ ਹੈ ਕਿ ਨਿਮਰਤਾ ਤੇ ਗੁਰੂ ਸੇਵਾ ਆਪ ਦੇ ਵਿਅੱਕਤਿਤੱਵ ਦੇ ਵਿਸ਼ੇਸ਼ ਗੁਣ ਸਨ।

**ਜਗਤ-ਫੇਰੀ–**

ਗੁਰੂ ਰਾਮਦਾਸ ਜੀ ਦਾ ਜਨਮ ਚੂਨਾਮੰਡੀ ਲਾਹੌਰ ਵਿਚ ਸ੍ਰੀ ਹਰਦਾਸ ਸੋਢੀ ਦੇ ਘਰ ੨੪ ਸਤੰਬਰ ੧੫੩੪ ਈਸਵੀ ਨੂੰ ਹੋਇਆ। ਸ੍ਰੀ ਹਰਦਾਸ ਜੀ ਲਾਹੌਰ ਵਿਚ ਸਾਧਾਰਨ ਛੋਟੀ ਜਿਹੀ ਹੱਟੀ ਚਲਾਂਦੇ ਸਨ। ਮਾਤਾ ਪਿਤਾ ਨੇ ਬੜੇ ਚਾਅ ਨਾਲ ਨਾਮ ਰਾਮਦਾਸ ਰਖਿਆ। ਪਲੇਠੀ ਦਾ ਪੁੱਤਰ ਹੋਣ ਕਰਕੇ ਮਾਤਾ ਪਿਤਾ ਤੇ ਦੂਜੇ ਸਾਕ ਸੰਬੰਧੀ ਇਹਨਾਂ ਨੂੰ 'ਜੇਠਾ' 'ਜੇਠਾ' ਕਰਕੇ ਬੁਲਾਣ ਲਗ ਪਏ, ਇਸ ਤਰ੍ਹਾਂ ਉਪਨਾਮ ਜੇਠਾ ਵਧੇਰੇ ਪ੍ਰਚਲਤ ਹੋ ਗਿਆ। ਉਸ ਸਮੇਂ ਪੰਜਾਬ ਦੇ ਸਮਾਜਕ ਜੀਵਨ ਤੇ ਪ੍ਰਵਾਰਕ ਢੰਗ-ਤਰੀਕੇ ਵਿਚ ਪਲੇਠੀ ਦੇ ਪੁੱਤਰ ਨੂੰ, ਜੋ ਟੱਬਰ ਵਿਚ ਸਭ ਤੋਂ ਪਹਿਲਾਂ ਜੰਮਿਆ ਹੋਵੇ, ਜੇਠਾ-ਪੁੱਤਰ ਆਖਦੇ ਸਨ (ਸਹਿਬ ਸਿੰਘ, ਗੁਰ ਇਤਹਾਸ ਭਾਗ ੩ (੧੯੮੦)ਸਫ਼ਾ ੫)।

ਗੁਰੂ ਰਾਮਦਾਸ ਜੀ ਦਾ ਸੰਬੰਧ ਉਸ ਸੋਢੀ ਵੰਸ ਨਾਲ ਸੀ ਜਿਸਦਾ ਮੁਢ ਸ੍ਰੀ ਰਾਮਚੰਦਰ ਜੀ ਦੇ ਸਪੁਤਰ ਲਵ ਨਾਲ ਜਾ ਜੁੜਦਾ ਹੈ। ਕਿਸੇ ਸਮੇਂ ਇਸ ਖ਼ਾਨਦਾਨ ਵਿਚ ਸਨੋਢ ਰਾਏ ਨਾਮ ਦਾ ਇਕ ਵੱਡਾ ਬਲੀ ਪੈਦਾ ਹੋਇਆ, ਜਿਸ ਦੇ ਨਾਮ ਉਤੇ ਹੀ 'ਸੋਢ ਵੰਸ' ਨੇ ਪ੍ਰਸਿਧੀ ਪ੍ਰਾਪਤ ਕੀਤੀ। ਉਸ ਸਮੇਂ ਤੋਂ ਹੀ ਇਸ ਵੰਸ ਦੇ ਲੋਕ 'ਸੋਢੀ' ਅਖਵਾਏ। ਏਸੇ ਵੰਸ ਵਿਚੋਂ ਗੁਰਦਿਆਲ ਸੋਢੀ ਪੰਦਰ੍ਹਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਚੂਨਾ ਮੰਡੀ


www.AKJ.Org

ਲਾਹੌਰ ਵਿਚ ਆ ਵਸਿਆ ਤੇ ਇਥੇ ਕਾਰੋਬਾਰ ਸ਼ੁਰੂ ਕਰ ਦਿਤਾ। ਉਹਦੇ ਪੁੱਤਰ ਠਾਕਰ ਦਾਸ ਦਾ ਅਗੇ ਪੁਤਰ ਹਰੀਦਾਸ ਸੀ, ਜੋ ਸ੍ਰੀ ਰਾਮਦਾਸ ਦੇ ਪਿਤਾ ਸਨ। ਇਉਂ ਕਿਸੇ ਨੇ ਹਰਦਾਸ ਨਾਮ ਲਿਖਿਆ ਹੈ ਤੇ ਕਿਸੇ ਨੇ ਹਰੀਦਾਸ। ਫ਼ਰਕ ਕੋਈ ਨਹੀਂ, ਉਚਾਰਨ ਦੇ ਫ਼ਰਕ ਕਰਕੇ ਹੀ ਦੋ ਵਖਰੇ ਨਾਮ ਜਾਪਦੇ ਹਨ।

ਮਾਤਾ ਪਿਤਾ ਬੜੇ ਹੀ ਧਾਰਮਕ ਖ਼ਿਆਲਾਂ ਦੇ ਸਨ ਤੇ ਉਨ੍ਹਾਂ ਦਾ ਪ੍ਰਭਾਵ ਬਾਲਕ ਰਾਮਦਾਸ ਤੇ ਬਹੁਤ ਹੋਇਆ, ਪਰ ਪੰਜ ਸਾਲ ਦੇ ਸਨ ਜਦ ਮਾਤਾ ਜੀ ਚਲਾਣਾ ਕਰ ਗਏ ਤੇ ਸਤ ਸਾਲ ਦੇ ਸਨ ਜਦੋਂ ਪਿਤਾ ਜੀ ਅਕਾਲ ਚਲਾਣਾ ਕਰ ਗਏ, ਜਿਸ ਦਾ ਬੜਾ ਡੂੰਘਾ ਅਸਰ ਸ੍ਰੀ ਰਾਮਦਾਸ ਜੀ ਦੇ ਜੀਵਨ ਤੇ ਹੋਇਆ। ਇਕ ਤਾਂ ਬਾਕਾਇਦਾ ਵਿਦਿਆ ਪ੍ਰਾਪਤੀ ਦਾ ਮੌਕਾ ਨ ਮਿਲਿਆ, ਦੂਜਾ ਘਰ ਵਿਚ ਗਰੀਬੀ ਆ ਗਈ ਤੇ ਘਰ ਚਲਾਣ ਦਾ ਭਾਰ ਬਾਲਕ ਰਾਮਦਾਸ ਦੇ ਮੋਢਿਆਂ ਤੇ ਆ ਪਿਆ। ਉਨ੍ਹਾਂ ਦਿਲ ਨਹੀਂ ਹਾਰਿਆ ਤੇ ਛੋਟੀ ਮੋਟੀ ਕਿਰਤ ਕਰਨ ਵਿਚ ਜੁਟ ਪਏ। ਘਰ ਦੀ ਗਰੀਬੀ ਨੇ ਆਪ ਦੀ ਪ੍ਰਤਿਭਾ ਨੂੰ ਪਾਣ ਚੜ੍ਹਾਈ।

ਅਖ਼ੀਰ ਨਾਨੀ ਆਪਣੇ ਦੋਹਤਰੇ ਰਾਮਦਾਸ ਨੂੰ ਆਪਣੇ ਘਰ ਪਿੰਡ ਬਾਸਰਕੇ ਲੈ ਆਈ। ਉਸ ਸਮੇਂ ਸ੍ਰੀ ਅਮਰਦਾਸ ਜੀ ਵੀ ਬਾਸਰਕੇ ਹੀ ਸਨ ਤੈ ਦੂਜੇ ਪਿੰਡ-ਵਾਸੀਆਂ ਨਾਲ ਨਾਨੀ ਦੇ ਘਰ ਅਫ਼ਸੋਸ ਕਰਨ ਲਈ ਆਏ। ਇਉਂ ਸਹਿਵਾਨ ਹੀ ਉਥੇ ਰਾਮਦਾਸ ਜੀ ਤੇ ਬਾਬਾ ਅਮਰਦਾਸ ਜੀ ਦਾ ਮੇਲ ਵੀ ਹੋਇਆ। ਨਾਨੀ ਦੀ ਆਰਥਕ ਹਾਲਤ ਵੀ ਚੰਗੀ ਨਹੀਂ ਸੀ, ਇਸ ਲਈ ਰਾਮਦਾਸ ਜੀ ਨੇ ਘੁੰਗਣੀਆ ਵੇਚ ਕੇ ਤੇ ਇਉਂ ਕਿਰਤ ਕਰ ਕੇ ਖਾਣਾ ਸ਼ੁਰੂ ਕਰ ਦਿਤਾ। ਜਦ ਬਾਬਾ ਅਮਰਦਾਸ ਜੀ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਪਾਸ ਚਲੇ ਗਏ ਤਾਂ ਉਥੋਂ ਵੀ ਜਦ ਬਾਸਰਕੇ ਕਦੇ ਕਦਾਈਂ ਆਉਂਦੇ ਤਾਂ ਬਾਲਕ ਜੇਠਾ ਜੀ ਨੂੰ ਜ਼ਰੂਰ ਮਿਲਦੇ। ਇਉਂ ਜੇਠਾ ਜੀ ਨੂੰ ਸਦਾ ਲਈ ਵਿਛੜੇ ਆਪਣੇ ਪਿਤਾ ਹਰਦਾਸ ਜੀ ਦੀ ਛੁਹ ਦਾ ਨਿਘ (ਗੁਰੂ) ਅਮਰਦਾਸ ਜੀ ਤੋਂ ਮਿਲਣ ਲਗ ਪਿਆ। ਇਉਂ ਪੰਜ ਸਾਲ ਬਾਸਰਕੇ ਵਿਚ ਹੀ ਰਹੇ ਤੇ ਬਾਬਾ ਅਮਰਦਾਸ ਜੀ ਦੇ ਰਾਹੀਂ ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿਚ ਵੀ ਆਉਂਦੇ ਰਹੇ। ਇਉਂ ਆਪ ਨੂੰ ਗੁਰਬਾਣੀ, ਸਤਿਸੰਗ ਅਤੇ ਗੁਰੂ-ਸੇਵਾ ਦੀ ਰੰਗਣ ਚੜ੍ਹਨ ਲਗ ਪਈ।

ਜਦ ਗੋਇੰਦਵਾਲ ਆਬਾਦ ਕਰਨ ਲਈ ਗੁਰੂ ਅੰਗਦ ਸਾਹਿਬ ਨੇ ਬਾਬਾ ਅਮਰਦਾਸ ਜੀ ਨੂੰ ਭੇਜਿਆ ਤੇ ਇਥੇ ਨਵੇਂ ਗੁਰ-ਅਸਥਾਨ ਦੀ ਉਸਾਰੀ ਸ਼ੁਰੂ ਹੋਈ ਤਾਂ ਭਾਈ ਜੇਠਾ ਜੀ ਵੀ ਆਪਣੀ ਨਾਨੀ ਸਮੇਤ ੧੫੪੬ ਈਸਵੀ ਵਿਚ ਗੋਇੰਦਵਾਲ ਆ ਗਏ। ਸਵੇਰੇ ਸ਼ਾਮ ਗੁਰੂ ਕੇ ਲੰਗਰ ਦੀ ਸੇਵਾ ਵਿਚ ਜੁਟ ਗਏ, ਪਰ ਆਪਣੇ ਖ਼ਰਚ ਲਈ ਕਿਰਤ ਕਮਾਈ ਦਾ ਉਹੀ ਢੰਗ, ਘੁੰਗਣੀਆਂ ਵੇਚਣੀਆਂ, ਜਾਰੀ ਰਖਿਆ। ੧੫੫੨ ਈਸਵੀ ਨੂੰ ਗੁਰ-ਗੱਦੀ ਗੁਰੂ ਅਮਰਦਾਸ ਜੀ ਨੂੰ ਦੇ ਕੇ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾ ਗਏ। ਉਦੋਂ ਜੇਠਾ ਜੀ ਗੋਇੰਦਵਾਲ ਵਿਚ ਹੀ ਸਨ ਤੇ ਉਮਰ ਦੇ ੧੯ਵੇਂ ਸਾਲ ਵਿਚ ਸਨ। ਗੁਰੂ ਅਮਰਦਾਸ ਜੀ ਨੇ ਇਉਂ ਪੂਰੇ ਬਾਰ੍ਹਾਂ ਸਾਲ ਜੇਠਾ ਜੀ ਦੇ ਸੁਭਾਉ, ਲਗਨ, ਨੇਕਨੀਤੀ, ਸੇਵਾ ਭਾਵ ਅਤੇ ਨਿਮਰਤਾ ਨੂੰ ਬਹੁਤ ਨੇੜਿਓਂ ਤਕਿਆ ਤੇ ਮਨ ਹੀ ਮਨ ਵਿਚ ਉਹ ਆਪ ਦੇ ਇਨ੍ਹਾਂ ਗੁਣਾਂ ਕਾਰਨ ਖ਼ੁਸ਼ ਸਨ। ਉਨ੍ਹਾਂ ਇਸ ਹੀਰੇ ਨੂੰ ਆਪ ਹੀ ਲਭ ਕੇ ਆਪਣੇ ਖ਼ਾਨਦਾਨੀ ਤਾਜ ਵਿਚ ਮੜ੍ਹਨ ਦਾ ਮਨ ਬਣਾ ਲਿਆ। ਛੇਤੀ ਹੀ ਗੁਰੂ ਅਮਰਦਾਸ ਜੀ ਨੇ ਆਪਣੀ ਛੋਟੀ ਸਪੁਤਰੀ ਬੀਬੀ ਭਾਨੀ ਦਾ ਰਿਸ਼ਤਾ ਜੇਠਾ ਜੀ ਨਾਲ ਕਰ ਕੇ ਦਸੰਬਰ ੧੫੫੨ ਈਸਵੀ ਨੂੰ ਇਨ੍ਹਾਂ ਦਾ ਵਿਆਹ ਵੀ ਕਰ ਦਿਤਾ। ਆਪ ਜਵਾਈ ਬਣ ਕੇ ਵੀ ਗੋਇੰਦਵਾਲ ਵਿਚ ਉਸੇ ਤਰ੍ਹਾਂ ਰਹੇ ਜਿਸ ਤਰ੍ਹਾਂ ਪਹਿਲਾਂ ਗੁਰੂ ਘਰ ਦੀ ਸੇਵਾ ਵਿਚ ਜੁਟੇ ਹੁੰਦੇ ਸਨ। ਉਨ੍ਹਾਂ ਦੀ ਨਿਰਮਾਣਤਾ, ਸੇਵਾ-ਭਾਵਨਾ ਤੇ ਆਚਾਰ-ਵਿਹਾਰ ਵਿਚ ਕੋਈ ਫ਼ਰਕ ਨਾ ਪਿਆ। ਵਿਆਹ ਤੋਂ ੨੧ ਸਾਲ ਪਿਛੋਂ ਵੀ ਉਸੇ ਤਰ੍ਹਾਂ ਸੇਵਾ ਕਰਦੇ ਰਹੇ। ਬਾਉਲੀ ਦੀ ਕਰਾ ਸੇਵਾ, ਕੰਮ ਕਰਨ ਵਾਲੇ ਸੇਵਕਾਂ ਦੇ ਲੰਗਰ ਤੇ ਰਿਹਾਇਸ਼ ਦਾ ਪਰਬੰਧ ਤੇ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਆਈਆਂ ਸੰਗਤਾਂ ਦੀ ਸੇਵਾ ਸੰਭਾਲ ਵਿਚ ਕਦੇ ਵੀ ਆਪ ਨੇ ਅਕੇਵਾਂ ਜਾਂ ਥਕੇਵਾਂ ਮਹਿਸੂਸ ਨਹੀਂ ਸੀ ਕੀਤਾ।

ਇਕ ਵਾਰੀ ਸੋਢੀਆਂ ਦਾ ਇਕ ਟੋਲਾ ਗੋਇੰਦਵਾਲ ਆਇਆ ਤੇ ਸਹੁਰੇ ਘਰ ਜਵਾਈ ਨੂੰ ਇਉਂ ਮਿੱਟੀ


www.AKJ.Org

ਗਾਰੇ ਨਾਲ ਲਿਬੜੇ ਕਪੜਿਆਂ ਵਿਚ ਦੇਖਿਆ ਤਾਂ ਗੁਰੂ ਅਮਰਦਾਸ ਜੀ ਪਾਸ ਗਿਲਾ ਕੀਤਾ। ਗੁਰੂ ਅਮਰਦਾਸ ਜੀ ਨੇ ਉਸ ਵੇਲੇ ਉਤਰ ਦਿਤਾ ਕਿ ਰਾਮਦਾਸ ਦੇ ਸਰੀਰ ਉਤੇ ਇਹ ਮਿੱਟੀ-ਗਾਰਾ ਨਹੀਂ, ਸਗੋਂ ਇਨ੍ਹਾਂ ਦੀ ਵਡਿੱਤਣ ਦਾ ਕੇਸਰ ਤੇ ਗੁਲਾਲ ਹੈ। ਸਿਰ ਤੇ ਮੜਾਸਾ ਨਹੀਂ, ਸਗੋਂ ਚਾਰ ਚੱਕ ਦੀ ਪਾਤਸ਼ਾਹੀ ਦਾ ਛੱਤਰ ਝੁਲਦਾ ਹੈ। ਬਰਾਦਰੀ ਦੇ ਲੋਕ ਤਾਂ ਚਲੇ ਗਏ, ਪਰ ਉਨ੍ਹਾਂ ਦੇ ਵਿਚਾਰਾਂ ਲਈ ਗੁਰੂ ਅਮਰਦਾਸ ਜੀ ਤੋਂ ਜੇਠਾ ਜੀ ਨੇ ਖਿਮਾ ਮੰਗੀ ਤੇ ਕਿਹਾ ਕਿ ਉਹ ਭੁਲੜ ਲੋਕ ਹਨ, ਉਨ੍ਹਾਂ ਦੇ ਪ੍ਰਭਾਵ ਨੂੰ ਤੁਸੀਂ ਉਹਨਾਂ ਅਰਥਾਂ ਵਿਚ ਨ ਲੈਣਾ। ਮੈਂ ਖਿਮਾ ਦਾ ਜਾਚਕ ਹਾਂ।

ਗੁਰੂ ਘਰ ਵਿਚ ਸੇਵਾ ਕਰਦਿਆਂ, ਸੰਗਤ ਮਾਣਦਿਆਂ ਤੇ ਗੁਰੂ ਦੇ ਬਚਨ ਸੁਣਦਿਆਂ ਜੇਠਾ ਜੀ, ਜਿਨ੍ਹਾਂ ਨੂੰ ਹੁਣ ਆਮ ਲੋਕ ਵੀ ਅਸਲੀ ਨਾਮ ਰਾਮਦਾਸ ਕਰਕੇ ਬੁਲਾਣ ਲਗ ਪਏ ਸਨ, ਇਤਨੇ ਵਿਦਵਾਨ, ਗੁਣੀ ਗਹੀਰ ਤੇ ਗੁਰਮਤਿ ਗਿਆਨ ਨੂੰ ਸਮਝਣ ਲਗ ਪਏ ਸਨ ਕਿ ਉਹਨਾਂ ਨੂੰ ਕਿਸੇ ਵੀ ਗੁਰਮਤਿ ਵਿਚਾਰ ਵਟਾਂਦਰੇ ਲਈ ਸਿਖ-ਮਤ ਦੀ ਪ੍ਰਤੀਨਿਧਤਾ ਕਰਨ ਲਈ ਭੇਜਿਆ ਜਾ ਸਕਦਾ ਸੀ। ਗੁਰੂ ਅਮਰਦਾਸ ਜੀ ਨੇ ਜਾਤ ਪਾਤ ਦੀਆਂ ਵੱਟਾਂ ਤੋੜੀਆਂ, ਸਤੀ ਦੀ ਰਸਮ ਦਾ ਵਿਰੋਧ ਕੀਤਾ, ਔਰਤ ਨੂੰ ਮਰਦ ਨਾਲ ਸਮਾਨਤਾ ਦਿਤੀ ਤੇ ਅਮੀਰ ਗਰੀਬ ਨੂੰ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਰੀਤ ਚਲਾਈ ਤਾਂ ਬ੍ਰਾਹਮਣਾਂ, ਧਰਮ ਦੀ ਦੁਰਵਰਤੋਂ ਕਰਨ ਵਾਲੇ ਸਾਧਾਂ ਤੇ ਲੋਕਾਂ ਨਾਲ ਧੱਕਾ ਕਰਨ ਵਾਲੇ ਚੌਧਰੀਆਂ ਤੇ ਛੋਟੇ ਹਾਕਮ ਵਰਗ ਨੇ ਅਕਬਰ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਕਿ ਇਹ ਸਾਡਾ ਸਮਾਜਕ ਢਾਂਚਾ ਵਿਗਾੜ ਰਹੇ ਹਨ, ਧਾਰਮਕ ਰਹੁ-ਰੀਤੀ ਵਿਚ ਗੜਬੜ ਫੈਲਾ ਰਹੇ ਹਨ ਤੇ ਧਰਮ ਦਾ ਹੁਲੀਆ ਵਿਗਾੜ ਰਹੇ ਹਨ, ਇਨ੍ਹਾਂ ਵਿਰੁਧ ਕਾਰਵਾਈ ਕੀਤੀ ਜਾਏ। ਅਕਬਰ ਨੇ ਗੁਰੂ ਅਮਰਦਾਸ ਜੀ ਨੂੰ ਲਾਹੌਰ ਆ ਕੇ ਉਤਰ ਦੇਣ ਲਈ ਸੱਦਿਆ। ਗੁਰੂ ਸਾਹਿਬ ਨੇ ਰਾਮਦਾਸ ਜੀ ਨੂੰ ਲਾਹੌਰ ਭੇਜ ਦਿਤਾ। ਸ੍ਰੀ ਰਾਮਦਾਸ ਜੀ ਨੇ ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਕਰਨ ਵਾਲਿਆਂ ਦੇ ਸਵਾਲਾਂ ਦਾ ਅਜਿਹਾ ਢੁਕਵਾਂ ਉਤਰ ਦਿਤਾ ਕਿ ਉਹ ਲਾਜੁਵਾਬ ਤੇ ਸ਼ਰਮਿੰਦਾ ਹੋ ਕੇ ਦਰਬਾਰ ਵਿਚੋਂ ਨਿਕਲੇ। ਸ੍ਰੀ ਰਾਮਦਾਸ ਜੀ ਨੇ ਅਕਬਰ ਦੀ ਅਜਿਹੀ ਤਸੱਲੀ ਕਰਵਾਈ ਕਿ ਉਹ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ ਤੇ ਉਹਨੇ ਰਾਮਦਾਸ ਜੀ ਰਾਹੀਂ ਗੁਰੂ ਅਮਰਦਾਸ ਜੀ ਨੂੰ ਸੁਨੇਹਾ ਭੇਜਿਆ ਕਿ ਉਹ ਵਾਪਸ ਆਗਰੇ ਜਾਂਦਾ ਗੋਇੰਦਵਾਲ ਉਨ੍ਹਾਂ ਦੇ ਦਰਸ਼ਨ ਕਰ ਕੇ ਜਾਏਗਾ। ਉਹ ਗੋਇੰਦਵਾਲ ਆਇਆ ਤੇ ਜਿਸ ਤਰ੍ਹਾਂ ਰਾਮਦਾਸ ਜੀ ਉਹਨੂੰ ਗੁਰੂ ਘਰ ਦੀ ਮਰਿਆਦਾ ਦਸਦੇ ਗਏ, ਉਹ ਮੰਨਦਾ ਤੇ ਕਰਦਾ ਗਿਆ। ਉਹਨੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਵੀ ਛਕਿਆ। ਇਹ ਘਟਨਾ ਸਿਧ ਕਰਦੀ ਹੈ ਕਿ ਰਾਮਦਾਸ ਜੀ ਦੀ ਆਤਮ-ਸ਼ਕਤੀ ਇਤਨੀ ਬਲਵਾਨ, ਬੁਧੀ ਇਤਨੀ ਚੇਤੰਨ ਤੇ ਗਿਆਨਵਾਨ ਹੋ ਚੁਕੀ ਸੀ ਕਿ ਉਹ ਵੱਡੇ ਵੱਡੇ ਧਨੰਤਰ ਵਿਦਵਾਨ ਪੰਡਤਾਂ ਨਾਲ ਵੀ ਨਰੋਈ ਜੀਵਨ-ਜਾਚ ਬਾਰੇ ਬਹਿਸ ਕਰ ਸਕਦੇ ਸਨ।

ਆਪਣੇ ਵਿਆਹ ਤੋਂ ਛੇ ਸਾਲ ਪਿਛੋਂ ੧੫੫੮ ਈਸਵੀ ਵਿਚ ਜਦ ਗੁਰੂ ਅਮਰਦਾਸ ਜੀ ਦੇ ਨਾਲ ਰਾਮਦਾਸ ਜੀ ਕੁਰਕਸ਼ੇਤਰ ਤੇ ਹਰਦੁਆਰ ਦੀ ਯਾਤਰਾ ਤੇ ਗਏ ਤਾਂ ਉਹਨਾਂ ਨੇ ਗੁਰੂ ਅਮਰਦਾਸ ਜੀ ਨੂੰ ਨਰੋਈ ਜੀਵਨ-ਜਾਚ ਜਨ ਸਾਧਾਰਨ ਨੂੰ ਸਮਝਾਂਦਿਆਂ ਦੇਖਿਆ ਤੇ ਸੁਣਿਆ। ਪਿਛੋਂ ਗੁਰ-ਗਦੀ ਤੇ ਬੈਠਿਆਂ ਉਹਨਾਂ ਇਕ ਛੰਤ ਵਿਚ ਇਸ ਯਾਤਰਾ ਦਾ ਹਵਾਲਾ ਦਿੰਦਿਆਂ ਲਿਖਿਆ ਕਿ ਗੁਰੂ ਅਮਰਦਾਸ ਤੀਰਥਾਂ ਤੇ ਇਸ਼ਨਾਨ ਲਈ ਨਹੀਂ ਗਏ ਸਨ, ਉਹ ਤਾਂ ਲੋਕਾਂ ਨੂੰ ਇਹ ਗਿਆਨ ਦੇਣ ਗਏ ਸਨ ਕਿ ਗੁਰੂ ਦੇ ਦਸੇ ਰਾਹ ਉਤੇ ਤੁਰਨਾ ਹੀ ਅਮਲ ਤੀਰਥ-ਇਸ਼ਨਾਨ ਹੈ। ਪ੍ਰਭੂ ਪਰਮਾਤਮਾ ਦਾ ਸਿਮਰਨ ਕਰੋ ਤੇ ਉਸ ਨੂੰ ਸਾਰੇ ਮਨੁੱਖਾਂ ਵਿਚ ਵੇਖ ਕੇ ਸਭ ਨਾਲ ਪਿਆਰ ਕਰੋ, ਕਿਸੇ ਨੂੰ ਨੀਵਾਂ ਜਾਣ ਕੇ ਉਹਦੇ ਨਾਲ ਨਫਰਤ ਨ ਕਰੋ।

੧੫੫੭ ਈਸਵੀ ਵਿਚ ਗੁਰੂ ਅਮਰਦਾਸ ਜੀ ਨੇ ਇਕ ਨਵਾਂ ਨਗਰ ਗੁਰੂ ਕਾ ਚੱਕ ਵਸਾਉਣ ਦਾ ਫ਼ੈਸਲ ਕੀਤਾ ਤੇ ਇਸ ਲਈ 'ਅੰਮ੍ਰਿਤਸਰ ਗਜ਼ਟੀਅਰ' ਅਨੁਸਾਰ ਪਿੰਡ ਤੁੰਗ ਦੇ ਜ਼ਿਮੀਦਾਰਾਂ ਤੋਂ ਸਤ ਸੌ ਰੁਪਏ ਅਕਬਰੀ ਦੇ ਕੇ ਪੰਜ ਸੌ ਵਿਘੇ ਜ਼ਮੀਨ ਖ਼ਰੀਦੀ। ਗੁਰੂ ਅਮਰਦਾਸ ਜੀ ਆਪ ਇਸ ਜ਼ਮੀਨ ਤੇ ਆਏ ਤੇ ਰਾਮਦਾਸ



www.AKJ.Org

ਜੀ ਨੂੰ ਨਵੇਂ ਨਗਰ ਦੀ ਉਸਾਰੀ ਦਾ ਕਾਰਜ ਸੌਂਪਿਆ। ਟੱਕ ਲਗਾਣ ਸਮੇਂ ਰਾਮਦਾਸ ਜੀ ਨੇ ਅਰਦਾਸ ਕੀਤੀ ਤੇ ਬਾਬਾ ਬੁੱਢਾ ਜੀ ਨੇ ਪਹਿਲਾ ਟੱਕ ਲਾਇਆ। ਫਿਰ ਹੀ ਦੁਖਭੰਜਨੀ ਬੇਰੀ ਵਾਲੀ ਥਾਂ ਤੇ ਕੁਦਰਤੀ ਬਣੇ ਤਲਾ ਨੂੰ ਸਰੋਵਰ ਦਾ ਰੂਪ ਵੀ ਦਿਤਾ ਜਾਣ ਲਗਾ ਤੇ ਇਸ ਅੰਮ੍ਰਿਤ ਸਰੋਵਰ ਦੇ ਨਾਮ ਤੇ ਹੀ ਪਿਛੋਂ ਜਾ ਕੇ ਨਗਰ ਦਾ ਨਾਮ ਅੰਮ੍ਰਿਤਸਰ ਪ੍ਰਸਿਧ ਹੋਇਆ। ਰਾਮਦਾਸ ਜੀ ਨੇ ਇਸ ਸ਼ਹਿਰ ਦੇ ਵਿਕਾਸ ਦੀ ਵਿਉਂਤ ਬਣਾਈ ਤੇ ੫੨ ਕਿਸਮ ਦੇ ਕਿੱਤੇ ਤੇ ਕੰਮ ਕਰਨ ਵਾਲਿਆਂ ਨੂੰ ਉਚੇਚੇ ਤੌਰ ਤੇ ਇਥੇ ਵਸਣ ਦੀ ਪ੍ਰੇਰਨਾ ਕੀਤੀ। ਇਸ ਗੁਰੂ ਕੀ ਨਗਰੀ ਦੀ ਉਸਾਰੀ ਦਾ ਕੰਮ ਰਾਮਦਾਸ ਜੀ ਦੇ ਗੱਦੀ ਸੰਭਾਲਣ ਤੋਂ ਪਹਿਲਾਂ ਸ਼ੁਰੂ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤਕ ਜਾਰੀ ਰਿਹਾ।

ਰਾਮਦਾਸ ਜੀ ਦੇ ਘਰ ਬੀਬੀ ਭਾਨੀ ਦੀ ਕੁਖੋਂ ੧੫੫੮ ਈ: ਨੂੰ ਪ੍ਰਿਥੀਚੰਦ, ੧੫੬੧ ਈਸਵੀ ਵਿਚ ਮਹਾਂਦੇਵ ਅਤੇ ਸੰਨ ੧੫੬੩ ਈਸਵੀ ਵਿਚ ਸ੍ਰੀ ਅਰਜਨ ਦੇਵ ਤਿੰਨ ਸਪੁਤਰ ਹੋਏ। ਗੋਇੰਦਵਾਲ ਵਿਚ ਉਸ ਮਕਾਨ ਅੰਦਰ ਕਮਰਾ ਹੁਣ ਤਕ ਕਾਇਮ ਹੈ ਜਿਥੇ ਰਾਮਦਾਸ ਜੀ ਦੇ ਗ੍ਰਹਿ ਸ੍ਰੀ ਅਰਜਨ ਦੇਵ ਨੇ ਜਨਮ ਲਿਆ। ਆਪਣੇ ਜੋਤੀ ਜੋਤਿ ਸਮਾਣ ਦਾ ਸਮਾਂ ਨੇੜੇ ਆਉਂਦਾ ਦੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੇ ਦੋਹਾਂ ਪੁਤਰਾਂ, ਦੋਹਾਂ ਜਵਾਈਆਂ ਤੇ ਹੋਰ ਮੁਖੀ ਸਿੱਖਾਂ ਵਿਚੋਂ ਅਗਲੀ ਨਾਨਕ ਜੋਤਿ ਦੀ ਭਾਲ ਸ਼ੁਰੂ ਕਰ ਦਿਤੀ। ਕਈ ਤਰ੍ਹਾਂ ਤੇ ਕਈ ਮੌਕਿਆਂ ਤੇ ਪ੍ਰੀਖਿਆ ਲਈ ਗਈ, ਜਿਸ ਵਿਚ ਰਾਮਦਾਸ ਜੀ ਹੀ ਪਾਸ ਹੁੰਦੇ ਰਹੇ। ਭਾਵੇਂ ਗੁਰੂ ਅਮਰਦਾਸ ਜੀ ਨੂੰ ਪਹਿਲਾਂ ਹੀ ਗਿਆਨ ਸੀ ਕਿ ਗੁਰ-ਗਦੀ ਦੇ ਵਾਰਸ ਇਹੀ ਹਨ, ਪਰ ਫੇਰ ਵੀ ਪ੍ਰੀਖਿਆ ਤੇ ਪਰਖ ਕਰਨੀ ਜ਼ਰੂਰੀ ਸੀ। ਸੋ ਜਦ ਨਤੀਜਾ ਨਿਕਲਿਆ ਤਾਂ ਚੌਥੀ ਨਾਨਕ-ਜੋਤਿ ਰਾਮਦਾਸ ਵਿਚ ਪ੍ਰਵੇਸ਼ ਹੋ ਗਈ ਤੇ ਉਹ ਜੇਠਾ ਜੀ ਤੇ ਰਾਮਦਾਸ ਤੋਂ ਗੁਰੂ ਰਾਮਦਾਸ ਬਣ ਗਏ।

ਉਸ ਸਮੇਂ ਗੁਰੂ ਰਾਮਦਾਸ ਜੀ ਦੀ ਜਗਤ-ਫੇਰੀ ਦੇ ੪੦ ਸਾਲ ਹੋ ਚੁੱਕੇ ਸਨ। ਜਦ ਅਗਸਤ ੧੫੭੪ ਈਸਵੀ ਨੂੰ ਗੁਰੂ ਅਮਰਦਾਸ ਜੀ ਨੇ ਮੁਖੀ ਸਿੱਖਾਂ ਤੇ ਆਪਣੇ ਪਰਵਾਰ ਸਮੇਤ ਸਭ ਨਿਕਟ-ਵਰਤੀਆਂ ਨੂੰ ਇਕੱਠਾ ਕਰ ਕੇ ਐਲਾਨ ਕੀਤਾ ਕਿ ਉਹ ਸੰਸਾਰ-ਯਾਤਰਾ ਪੂਰੀ ਕਰ ਕੇ ਜਾ ਰਹੇ ਹਨ। ਉਹਨਾਂ ਪਿਛੋਂ ਕਿਸੇ ਨੇ ਰੋਣਾ ਨਹੀਂ, ਸਗੋਂ ਗੁਰਬਾਣੀ ਦਾ ਕੀਰਤਨ ਕਰਨਾ ਹੈ। ਗੁਰ-ਗੱਦੀ ਦੇ ਹੱਕਦਾਰ ਤੇ ਵਾਰਸ ਰਾਮਦਾਸ ਜੀ ਹਨ। ਉਸੇ ਵੇਲੇ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ। ਗੁਰੂ ਅਮਰਦਾਸ ਜੀ ਨੇ ਪੰਜ ਪੈਸੇ ਅਗੇ ਰਖ ਕੇ ਮੱਥਾ ਟੇਕਿਆ ਤੇ ਮੁੜ ਸਾਰੀ ਸੰਗਤ ਤੇ ਪਰਵਾਰ ਨੇ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕੀਤੀ।

ਗੁਰੂ ਰਾਮਦਾਸ ਜੀ ਵੈਰਾਗ ਵਿਚ ਆ ਕੇ ਬੋਲ ਉਠੇ—ਪਾਤਸ਼ਾਹ! ਤੂੰ ਆਪ ਜਾਣਦਾ ਹੈਂ ਜਦੋਂ ਮੈਂ ਯਤੀਮ ਲਾਹੌਰ ਦੀਆਂ ਗਲੀਆਂ ਵਿਚੋਂ ਨਿਆਸਰਾ ਹੋ ਕੇ ਨਿਕਲਿਆ ਸਾਂ, ਮੈਂ ਗਲੀ ਦੇ ਕੱਖਾਂ ਵਾਂਗ ਰੁਲ ਰਿਹਾ ਸਾਂ ਤੇ ਮੇਰੀ ਬਾਂਹ ਕੋਈ ਫੜਨ ਨੂੰ ਤਿਆਰ ਨਹੀਂ ਸੀ। ਮੈਂ ਇਕ ਕੀੜਾ ਸਾਂ। ਤੂੰ ਮੇਰੀ ਯਤੀਮ ਦੀ ਬਾਂਹ ਫੜੀ। ਮੈਨੂੰ ਮਿੱਟੀ ਵਿਚ ਰੁਲਦੇ ਨੂੰ ਅਰਸ਼ਾਂ ਤੇ ਅਪੜਾ ਦਿਤਾ। ਵੈਰਾਗ ਦੀ ਇਸ ਕਾਂਗ ਨੂੰ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਇਉਂ ਬਿਆਨ ਕੀਤਾ ਹੈ :—

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥੪॥੪੬॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੬੭)

ਗੁਰੂ ਰਾਮਦਾਸ ਜੀ ਨੂੰ ਗੁਰ-ਗਦੀ ਮਿਲਣ ਬਾਰੇ ਇਕ ਗਲਤ ਧਾਰਨਾ ਇਹ ਪ੍ਰਚਲਤ ਹੋ ਗਈ ਲਗਦੀ ਹੈ ਕਿ ਬੀਬੀ ਭਾਨੀ ਦੀ ਸੇਵਾ ਭਾਵ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਜੀ ਨੇ ਰਾਮਦਾਸ ਜੀ ਨੂੰ ਗੁਰ-ਗਦੀ ਦੇ ਦਿਤੀ ਤੇ ਨਾਲ ਹੀ ਇਹ ਵਰ ਵੀ ਦਿਤਾ ਕਿ ਇਹ ਗੱਦੀ ਅਗੋਂ ਸੋਢੀਆਂ ਦੇ ਘਰ ਹੀ ਰਹੇਗੀ। ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮਾ ਅਨੁਸਾਰ ਭਾਨੀ ਜੀ ਨੇ ਗੁਰਦੇਵ-ਪਿਤਾ ਤੋਂ ਇਹ ਵਰ ਮੰਗਿਆ ਸੀ :

ਜੇ ਦਿਤੀ ਹਈ ਤਾਂ ਸੁਦਿੱਤ ਕਰ ਦੇਹੀ ॥ ਸੋਢੀਆਂ ਦੇ ਘਰੋਂ ਫੇਰ ਨ ਲੇਹਿ ॥



www.AKJ.Org

ਤਾਰੀਖ ਗੁਰੂ ਖਾਲਸਾ ਦੇ ਲੇਖਕ ਨੇ ਇਸ ਭੁਲੇਖੇ ਨੂੰ ਹੋਰ ਪਕ੍ਰਿਆਂ ਕੀਤਾ। ਉਹਨੇ ਲਿਖਿਆ ਕਿ ਬੀਬੀ ਭਾਨੀ ਨੂੰ ਦਿਤੇ ਵਚਨ ਅਨੁਸਾਰ ਜ਼ਰੂਰੀ ਗੁਰ-ਗਦੀ ਰਾਮਦਾਸ ਜੀ ਨੂੰ ਦੇਣੀ ਪਈ। ਇਹ ਸਾਖੀ ਤੇ ਗੁਰ-ਗਦੀ ਦੇਣ ਦਾ ਆਧਾਰ ਗੁਰ ਆਸ਼ੇ ਨਾਲ ਮੇਲ ਨਹੀਂ ਖਾਂਦਾ। ਉਥੇ ਯੋਗਤਾ ਪਰਖੀ ਜਾਂਦੀ ਹੈ ਤੇ ਹਰੇਕ ਗੁਰੂ ਨੇ ਯੋਗਤਾ ਅਨੁਸਾਰ ਗੁਰ-ਗਦੀ ਦਿਤੀ ਹੈ, ਕਿਸੇ ਦਾ ਲਿਹਾਜ਼ ਕਰਕੇ ਨਹੀਂ। ਫਿਰ ਗੁਰੂ ਅਮਰਦਾਸ ਜੀ ਨੇ ਪਰਖ ਲਈ ਕਈ ਪਰਚੇ ਕਿਉਂ ਪਾਏ? ਗੁਰ-ਇਤਿਹਾਸ ਵਿਚ ਕਿਧਰੇ ਵੀ ਅਜਿਹੇ ਲਿਹਾਜ਼ ਦਾ ਜ਼ਿਕਰ ਨਹੀਂ। ਜਾਪਦਾ ਹੈ ਕਿ ਗੁਰੂ ਘਰ ਦੇ ਦੋਖੀਆਂ ਜਾਂ ਗੁਰ-ਗਦੀ ਵਿਚ ਝਾਕ ਰਖਣ ਵਾਲੇ ਸੋਢੀਆਂ ਵਲੋਂ ਇਹ ਗੱਲ ਧੁਮਾਈ ਹੋ ਸਕਦੀ ਹੈ।

੧੫੭੭ ਈਸਵੀ ਵਿਚ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਅੰਮ੍ਰਿਤਸਰ ਲੈ ਆਂਦੀ ਤੇ ਇਸ ਨਗਰ ਤੇ ਸਰੋਵਰ ਦੀ ਉਸਾਰੀ ਦਾ ਕੰਮ ਤੇਜ਼ ਕਰ ਦਿਤਾ। ਗੁਰੂ ਕਾ ਲੰਗਰ ਵੀ ਇਥੇ ਜਾਰੀ ਹੋ ਗਿਆ। ਸਿਖ-ਧਰਮ ਤੇ ਮਾਨਵ-ਏਕਤਾ ਦੇ ਪ੍ਰਚਾਰ ਨੂੰ ਵਧੇਰੇ ਜਥੇਬੰਦ ਕੀਤਾ। ਜਿਥੇ ਗੁਰੂ ਅਮਰ ਦਾਸ ਜੀ ਨੇ ਪ੍ਰਚਾਰ ਲਈ ੨੨ ਮੰਜੀਆਂ ਸਥਾਪਤ ਕੀਤੀਆਂ ਸਨ ਉਥੇ ਗੁਰੂ ਰਾਮਦਾਸ ਜੀ ਨੇ ਮੰਜੀਦਾਨ ਅਥਵਾ ਮਸੰਦ ਪ੍ਰਥਾ ਸ਼ੁਰੂ ਕੀਤੀ। ਗੁਰੂ ਸਾਹਿਬ ਨੇ ਧਾਰਮਕ, ਸਮਾਜਕ ਤੇ ਮਨੁਖ ਦੀਆਂ ਮਾਨਸਕ ਕੁਰੀਤੀਆਂ ਤੇ ਗਿਰਾਵਟ ਦੇ ਮੁਕਾਬਲੇ ਤੇ 'ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ'* ਦਾ ਝੰਡਾ ਝੁਲਾਇਆ। ਬਾਣੀ ਰਚਨਾ, ਵਖਿਆਨ ਤੇ ਅਮਲੀ ਜੀਵਨ ਨਾਲ ਲੋਕਾਂ ਨੂੰ ਪ੍ਰੇਮ, ਸੇਵਾ, ਸ਼ਰਧਾ ਤੇ ਇਕ ਪਰਮਾਤਮਾ ਦੇ ਲੜ ਲਗਣ ਦੀ ਅਜਿਹੀ ਪ੍ਰੇਰਨਾ ਦਿਤੀ ਕਿ ਦੂਰ ਦੂਰ ਤਕ ਗੁਰੂ ਨਾਨਕ ਦੇ ਘਰ ਦੀ ਮਹਿਮਾ ਹੋਣ ਲਗ ਪਈ ਤੇ ਲੋਕੀਂ ਇਸ ਨਵੀਂ ਸੋਚ, ਜੀਵਨ-ਜਾਚ ਤੇ ਮੁਕਤੀ ਮਾਰਗ ਨੂੰ ਅਪਨਾਣ ਲਗ ਪਏ। ਭਾਈ ਗੁਰਦਾਸ ਜੀ, ਜੋ ਪਹਿਲਾਂ ਆਗਰੇ ਵਿਚ ਇਕ ਮੰਜੀਦਾਰ ਸਨ, ਗੁਰੂ ਸਾਹਿਬ ਪਾਸ ਪੱਕੇ ਤੌਰ ਤੇ ਅੰਮ੍ਰਿਤਸਰ ਆ ਕੇ ਰਹਿਣ ਲਗ ਪਏ। ਉਹਨਾਂ ਲਿਖਿਆ ਹੈ:—

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥ (ਵਾਰ ੧, ਪਉੜੀ ੪੭)

੧੫੮੧ ਈਸਵੀ ਵਿਚ ਗੁਰੂ ਰਾਮਦਾਸ ਜੀ ਨੇ ਪਹਿਲੀ ਪ੍ਰਥਾ ਅਨੁਸਾਰ ਹੀ ਪਰਖ ਕਰ ਕੇ ਨਿਰਣਾ ਲਿਆ ਤੇ ਇਕ ਦਿਨ ਸੰਗਤ ਵਿਚ ਐਲਾਨ ਕਰ ਕੇ ਆਪਣੇ ਛੋਟੇ ਸਪੁਤਰ ਸ੍ਰੀ ਅਰਜਨ ਦੇਵ ਨੂੰ ਪੰਜਵੀਂ ਨਾਨਕ ਜੋਤਿ ਬਣਾ ਦਿਤਾ ਤੇ ਬਾਬਾ ਬੁੱਢਾ ਜੀ ਨੇ ਤਿਲਕ ਲਾਇਆ। ਪ੍ਰਿਥੀ ਚੰਦ ਨੇ ਬਹੁਤ ਵਿਰੋਧ ਕੀਤਾ, ਪਰ ਉਹਦੀ ਗੱਲ ਸਿਖ ਜਗਤ ਨੇ ਨ ਸੁਣੀ। ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਸਮੇਤ ਅੰਮ੍ਰਿਤਸਰ ਤੋਂ ਗੋਇੰਦਵਾਲ ਚਲੇ ਗਏ ਤੇ ਉਥੇ ਜੋਤੀ ਜੋਤਿ ਸਮਾ ਗਏ। ਇਉਂ ਜਗਤ-ਫੇਰੀ ਦਾ ਸਮਾਂ ੪੭ ਸਾਲ ਬਣਦਾ ਹੈ।

*ਵਾਰ ਸੋਰਠਿ, ਮ: ੩, ੩॥੧੦॥ ਪੰਨਾ ੬੪੬


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਜੇਲ੍ਹ ਚਿੱਠੀਆਂ ੩੫-੦੦ ਰੰਗਲੇ ਸੱਜਣ | ੨੦-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਗੌਰਵਤਾ | ੩੨-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |




www.AKJ.Org

# ਗੁਰੂ ਨਾਨਕ ਨਿਰੰਕਾਰੀ–ਇਕ ਮਹਾਨ ਤਿਆਗੀ

[ਪ੍ਰਿੰਸੀਪਲ ਸੱਜਣ ਸਿੰਘ ਜੀ, ੬੧੮/੬, ਗੋਬਿੰਦਪੁਰੀ, ਨਵੀਂ ਦਿੱਲੀ-੧੯]

ਮਾਇਆ ਦਾ ਪ੍ਰਭਾਵ ਏਨਾ ਪ੍ਰਬਲ ਹੈ ਕਿ ਹਰੇਕ ਕਲਿਜੁਗੀ ਜੀਵ ਉਸ ਵਸਤੂ ਨੂੰ ਵਿਹਾਝਣ ਤੇ ਸੰਚਣ ਵਿਚ ਰੁੱਝਿਆ ਹੋਇਆ ਹੈ, ਜਿਸਨੇ ਅੰਤ ਵੇਲੇ ਸਾਥ ਨਹੀਂ ਨਿਭਣਾ। ਮਾਇਆ ਨਾਗਨੀ ਦਾ ਡੱਸਿਆ ਪ੍ਰਾਣੀ ਮਾਨਸਕ ਤੌਰ ਤੇ ਮਲੀਨ ਹੁੰਦਾ ਹੈ। ਤੇ ਉਹ ਬਿਖ ਨਿਵਾਰਨਾ ਹੀ ਨਹੀਂ ਚਾਹੁੰਦਾ, ਇਹ ਇਸ ਜ਼ਹਿਰ ਦੀ ਖ਼ਾਸੀਅਤ ਹੈ।

ਮੰਗਣਾ, ਹੱਥ ਅੱਡਣਾ, ਲੈਣਾ, ਭਿਖਾਰੀ ਦਾ ਕੰਮ ਹੈ। ਦੇਣਾ, ਦਈ ਜਾਣਾ ਤੇ ਨਾ ਚਿਤਾਰਨਾ ਦਾਤੇ ਦਾ ਬਿਰਦ ਹੈ। ਪਹਿਲੇ ਵਰਗ ਦੀ ਰੁੱਚੀ, 'ਇਹ ਲਵਾਂ', 'ਉਹ ਲਵਾਂ', ਇਕੱਠਾ ਕਰਨ, ਜੋੜਨ ਤੇ ਜਮ੍ਹਾਂ ਕਰਨ ਦੀ ਹੈ, ਇਹ ਜਾਣਦਿਆਂ ਵੀ ਕਿ ਉਨ੍ਹਾਂ ਦੀ ਇਨ੍ਹਾਂ ਪਦਾਰਥਾਂ ਨਾਲ ਤ੍ਰਿਪਤੀ ਨਹੀਂ ਹੁੰਦੀ। ਕਈ ਉਪਦੇਸ਼ਕ ਵੀ ਹਨ, ਜਿਹੜੇ ਦੂਸਰਿਆਂ ਨੂੰ ਗਿਆਨ ਦੀਆਂ ਗੱਲਾਂ ਸੁਣਾਉਂਦੇ ਹਨ, ਪਰ ਆਪ ਪਰਾਇਆ ਧਨ ਹਥਿਆਉਣ ਤੋਂ ਸੰਕੋਚ ਨਹੀਂ ਕਰਦੇ। ਇਸ ਤ੍ਰਿਸ਼ਨਾ ਦੇ ਕਾਰਨ ਉਹ ਸਦਾ ਭੁੱਖੇ ਰਹਿੰਦੇ ਹਨ, ਆਪਣੇ ਹੱਥੀਂ ਉਨ੍ਹਾਂ ਕਿਸੇ ਲੋੜਵੰਦ ਨੂੰ ਕੀ ਦੇਣਾ ਹੈ।

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸ ਸੂਕਰਹ ॥੬੬॥

(ਸਲੋਕ ਸਹਸਕ੍ਰਿਤੀ ਮ: ੫–੧੩੬੦)

ਕਈ ਜੀਵ ਸਮਰੱਥਾ ਰੱਖਦਿਆਂ ਵੀ ਦੂਸਰੇ ਦਾ ਭਲਾ ਨਹੀਂ ਕਰ ਸਕਦੇ। ਭਲਾਈ ਦਾ ਸੰਬੰਧ ਮਾਇਆ ਨਾਲ ਨਹੀਂ, ਮਨ ਨਾਲ ਹੈ। ਉਨ੍ਹਾਂ ਆਪ ਤਾਂ ਕੀ ਕਰਨਾ, ਕਿਸੇ ਦੀ ਪ੍ਰੇਰਨਾ ਵੀ ਉਨ੍ਹਾਂ ਦੇ ਪੱਥਰ-ਦਿਲਾਂ ਨੂੰ ਨਰਮ ਨਹੀਂ ਕਰ ਸਕਦੀ। ਜੇ ਕਿਸੇ ਐਸੇ ਪੁਰਸ਼ ਨੂੰ ਉਸ ਦੀ ਜ਼ਮੀਰ ਦੇ ਵਿਰੁੱਧ ਕਿਸੇ ਦਬਾਉ ਵਿਚ ਜਾਂ ਮਜਬੂਰਨ ਕੁੱਝ ਦੇਣਾ ਪੈ ਜਾਵੇ ਜਾਂ ਭਲਾਈ ਦਾ ਕੰਮ ਕਰਨਾ ਪੈ ਜਾਵੇ ਤਾਂ ਉਸ ਬਾਰੇ ਸਤਿਗੁਰੂ ਜੀ ਦਾ ਸਪੱਸ਼ਟ ਫ਼ੁਰਮਾਨ ਹੈ–

ਏਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥੭॥ [ਮ: ੨, ਵਾਰ ਸੂਹੀ ਕੀ–੭੮੭)

ਦੂਸਰਾ ਵਰਗ ਪਰਉਪਕਾਰੀਆਂ ਦਾ ਹੈ, ਦਾਤਿਆਂ ਦਾ ਹੈ। ਇਹ ਦੂਸਰਿਆਂ ਦਾ ਦੁੱਖ ਨਿਵਾਰਣ ਲਈ, ਕਸ਼ਟ ਮਿਟਾਵਣ ਲਈ, ਕੁਮਲਾਏ ਹਿਰਦਿਆਂ ਨੂੰ ਹਰਾ ਭਰਾ ਕਰਨ ਲਈ, ਦੁਖੀਆਂ ਤੇ ਮਜ਼ਲੂਮਾਂ ਦੀ ਬਾਂਹ ਫੜਨ ਲਈ ਤੇ ਬੰਦੀਆਂ ਦੀ ਬੰਦ-ਖਲਾਸੀ ਕਰਾਉਣ ਲਈ ਆਪਣਾ ਸੁੱਖ, ਆਪਣਾ ਧਨ, ਆਪਣਾ ਤਨ ਤੇ ਆਪਣਾ ਮਨ ਨਿਛਾਵਰ ਕਰ ਦੇਂਦੇ ਹਨ। ਹੱਥੋਂ ਦੇਣਾ ਅਥਵਾ ਦੂਜਿਆਂ ਲਈ ਆਪਾ ਨਿਛਾਵਰ ਕਰਨਾ ਇਕ ਦੈਵੀ ਗੁਣ ਹੈ, ਜਿਸ ਦਾ ਸੋਮਾ 'ਤਿਆਗ' ਹੈ। ਪਰਉਪਕਾਰ, ਹਮਦਰਦੀ ਜਾਂ ਭਲਾਈ ਕਰਨੀ ਦ੍ਰਿਸ਼ਟੀ ਵਿਚ ਆਉਣ ਵਾਲੀ ਬਾਹਰਮੁਖੀ ਕਿਰਿਆ ਹੈ, ਜਦ ਕਿ 'ਤਿਆਗ' ਦੀ ਭਾਵਨਾ ਅਦ੍ਰਿਸ਼ਟ ਤੇ ਸੂਖਮ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਜਦ ਧਿਆਨ ਧਰਿ ਵੇਖਿਆ ਤਾਂ ਉਨ੍ਹਾਂ ਨੂੰ ਸਾਰੀ ਪ੍ਰਿਥਵੀ ਅਨਿਕ ਭਾਂਤ ਦੇ ਸੇਕ ਨਾਲ ਅੱਗ ਨਾਲ ਸੜਦੀ ਦਿਸ ਆਈ। ਸੂਖਸ਼ਮ ਕੰਨਾਂ ਨਾਲ ਮਜ਼ਲੂਮਾਂ ਦੀਆਂ ਆਹਾਂ ਸੁਣੀਆਂ, ਅਨਾਥਾਂ ਦੀਆਂ ਫ਼ਰਿਆਦਾਂ ਸੁਣੀਆਂ ਤੇ ਗੁਲਾਮਾਂ ਦੀਆਂ ਪੁਕਾਰਾਂ ਸੁਣੀਆਂ। ਹਮਦਰਦੀ ਦੇ ਪੁਤਲੇ, ਪਰ-ਉਪਕਾਰ ਸਰੂਪ, ਸਤਿਗੁਰੂ, ਸੱਚੇ ਗੁਰਦੇਵ ਜੀ, ਦਰਦਨਾਕ ਦ੍ਰਿਸ਼ਾਂ ਨੂੰ ਅਣਡਿੱਠ ਨਾ ਕਰ ਸਕੇ, ਧੁਆਂਖੀਆਂ ਆਵਾਜ਼ਾਂ ਨੂੰ ਅਨਸੁਣੀਆਂ ਨਾ ਕਰ ਸਕੇ। ਇਸ ਚੀਖ਼ ਪੁਕਾਰ ਦਾ ਉਨ੍ਹਾਂ ਦੇ ਸੁਹਲ ਤੇ ਨਾਜ਼ਕ ਮਨ ਤੇ ਕੀ ਪ੍ਰਭਾਵ ਪਿਆ, ਇਹ ਗੁਰਦੇਵ ਜੀ ਆਪ ਹੀ ਜਾਣਦੇ ਹਨ।


www.AKJ.Org

ਇਕ ਪਾਸੇ ਹੈ ਪਰਿਵਾਰ ਦਾ ਖ਼ਿਆਲ, ਬੱਚਿਆਂ ਦੇ ਪਾਲਣ ਪੋਸਣ ਦੀ ਜ਼ਿੰਮੇਵਾਰੀ, ਮਾਤ ਪਿਤਾ ਦਾ ਸਨੇਹ, ਘਰ ਦੇ ਸੰਪੂਰਨ ਸੁੱਖ ਤੇ ਇੱਜ਼ਤ ਭਰੀ ਕਿਰਤ-ਕਾਰ, ਦੂਸਰੇ ਪਾਸੇ ਹੈ ਦੀਨ ਦੁਖੀਆਂ, ਬੰਦੀਆਂ, ਨਿਆਸਰਿਆਂ, ਰੋਗੀਆਂ ਤੇ ਨਿਰਾਸਿਆਂ ਦੀ ਬਾਂਹ ਫੜਨ ਲਈ ਘਰ ਬਾਰ ਤਿਆਗਣਾ। ਇਹ ਤਿਆਗ ਸਾਧਾਰਨ ਤਿਆਗ ਨਹੀਂ, ਸਗੋਂ ਇਹ ਕਾਮਨਾ ਰਹਿਤ, ਪਰਉਪਕਾਰੀ ਭਾਵਨਾ 'ਤੇ ਆਧਾਰਤ ਇਕ ਅਦੁੱਤੀ ਤਿਆਗ ਸੀ।

ਦਰਦਵੰਦਾਂ ਦੀਆਂ ਆਹਾਂ, ਕੂਕਾਂ ਤੇ ਫ਼ਰਿਆਦਾਂ ਸੁਣ ਕੇ, ਅਤੇ ਅਕਾਲ ਪੁਰਖ ਦੇ ਫ਼ੁਰਮਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਜ਼ੂਰ ਨੇ ਗ੍ਰਿਹਸਤੀ ਨਾਤੇ ਤੇ ਵਾਤਸਲ ਪਿਆਰ ਨੂੰ ਕੁਰਬਾਨ ਕਰਨ ਦਾ ਅੰਤਮ ਤੇ ਸਥਾਈ ਫ਼ੈਸਲਾ ਕਰ ਲਿਆ। ਉਹ ਦਿਹਾੜਾ ਸਗਲ ਬ੍ਰਹਮੰਡ ਲਈ ਭਾਗਾਂ ਭਰਿਆ ਸੀ, ਪਰ ਪਰਿਵਾਰ ਲਈ, ਮਾਤਾ ਪਿਤਾ ਲਈ, ਭੈਣ ਨਾਨਕੀ ਜੀ ਤੇ ਰਾਇ ਬੁਲਾਰ ਲਈ ਵਿਛੋੜੇ ਦਾ ਹਿਰਦੇ-ਵੇਧਕ ਸੱਲ ਸੀ। ਉਸ ਸਮੇਂ ਦੀ ਇਸਤ੍ਰੀ ਜਾਤੀ ਦੀ ਸ਼ਰਮ-ਹਯਾ ਅਨੁਸਾਰ, ਮਾਤਾ ਸੁਲੱਖਣੀ ਜੀ ਅਹਿੱਲ ਚੁੱਪ ਚਾਪ ਖੜੇ ਸਨ, ਜਿਸ ਦੀ ਖਾਮੋਸ਼ ਜ਼ਬਾਨ ਤੋਂ ਅਸਹਿ ਪੀੜਾ ਦਾ ਸੰਦੇਸ਼ ਪਰਤੱਖ ਦਿਖਾਈ ਦਿੰਦਾ ਸੀ। ਮਾਤਾ ਤ੍ਰਿਪਤਾ ਪਈ ਸੋਚਦੀ ਕਿ ਮੇਰਾ ਪਿਆਰਾ ਪੁੱਤਰ ਨਾਨਕ ਭਾਵੇਂ ਜਗਤ-ਤਾਰਕ ਹੋ ਕੇ ਜਾ ਰਿਹਾ ਹੈ, ਪਰ ਇਹ ਕਿੱਥੇ ਕਿੱਥੇ ਜਾਵੇਗਾ, ਕਿਵੇਂ ਰੈਨ ਗੁਜ਼ਾਰੇਗਾ, ਕੀ ਖਾਵੇਗਾ ਤੇ ਕਦ ਵਾਪਸ ਆਵੇਗਾ। ਪਿਤਾ ਨੂੰ ਖ਼ਿਆਲ ਆਇਆ ਹੋਵੇਗਾ ਕਿ ਮੈਂ ਆਪਣੇ ਪਿਆਰੇ ਤੇ ਇਕਲੌਤੇ ਪੁੱਤਰ ਦੇ ਚੋਜਾਂ ਨੂੰ ਅੱਜ ਤਕ ਸਮਝ ਨਹੀਂ ਸਕਿਆ, ਅਤੇ ਜੇ ਹੁਣ ਸੋਝੀ ਆਈ ਹੈ ਤਾਂ ਇਹ ਅਣਮਿੱਥੇ ਸਮੇਂ ਲਈ ਸਾਥੋਂ ਵੱਖ ਹੋ ਰਿਹਾ ਹੈ। ਮਾਸੂਮ ਬੱਚੇ ਸ੍ਰੀ ਚੰਦ ਤੇ ਲਖਮੀ ਚੰਦ ਆਪਣੇ ਪਿਤਾ ਨੂੰ ਛੱਡ ਕੇ ਬਾਕੀ ਸਭਨਾਂ ਦੇ ਉਦਾਸੇ ਚਿਹਰੇ ਵੇਖ ਕੇ ਬਿਟਰ ਬਿਟਰ ਤੱਕ ਰਹੇ ਸਨ। ਵੱਡੀ ਭੈਣ ਬੇਬੇ ਨਾਨਕੀ ਜੀ ਭਾਵੇਂ ਗਿਆਨਵਾਨ ਤੇ ਸੂਝਵਾਨ ਸੀ, ਪਰ ਅੰਞਾਣੇ ਬੱਚਿਆਂ ਦੀ ਹਾਲਤ, ਮਾਤਾ ਪਿਤਾ ਤੇ ਭਰਜਾਈ ਦੀ ਗ਼ਮਗੀਨ ਦਸ਼ਾ ਤੱਕ ਕੇ ਧੀਰਜ ਬੰਨ੍ਹਾਉਣ ਵਿਚ ਸਫ਼ਲ ਨਹੀਂ ਸੀ ਹੋ ਰਹੀ।

ਜਿਸ ਘਰੇਲੂ ਪ੍ਰਸਥਿਤੀ ਵਿਚ ਹਜ਼ੂਰ ਨੇ ਜਗਤ-ਫੇਰੀ ਦੀ ਯਾਤਰਾ ਆਰੰਭ ਕੀਤੀ, ਉਸ ਦੀ ਆਪਣੀ ਵੱਖਰੀ ਹੀ ਮਹੱਤਤਾ ਹੈ। ਉੱਚੀ ਕੁਲ, ਉੱਚੀ ਜਾਤੀ ਨਾਲ ਸੰਬੰਧ ਹੋਣ ਕਰਕੇ ਨੀਵੇਂ-ਪਨ ਦਾ ਕੋਈ ਅਹਿਸਾਸ ਨਹੀਂ ਸੀ। ਪਿਤਾ ਕਲਿਆਣ ਚੰਦ ਜੀ ਇੱਜ਼ਤ, ਮਾਣ ਤੇ ਚੰਗੇ ਰਸੂਖ਼ ਵਾਲੇ ਸਨ। ਖਾਣ ਪੀਣ ਦੀ ਕੋਈ ਤੋਟ ਨਹੀਂ ਸੀ, ਮਾਲੀ ਹਾਲਤ ਬਹੁਤ ਚੰਗੀ ਸੀ। ਸੰਬੰਧੀਆਂ ਤੇ ਘਰ ਵਿਚ ਕਿਸੇ ਕਿਸਮ ਦੀ ਕੋਈ ਤ੍ਰੇੜ ਨਹੀਂ ਸੀ। ਇਹ ਸਭ ਕੁਝ ਦਸਦਾ ਹੈ ਕਿ ਘਰ ਵਿਚ, ਜਾਂ ਕਸਬੇ ਵਿਚ ਕੋਈ ਐਸੀ ਸਮੱਸਿਆ ਨਹੀਂ ਸੀ, ਜਿਸ ਕਾਰਨ ਗੁਰਦੇਵ ਜੀ ਦੇ ਹਿਰਦੇ ਨੂੰ ਕੋਈ ਠੇਸ ਪਹੁੰਚੀ ਹੋਵੇ।

ਉਦਾਸੀਆਂ ਦੌਰਾਨ ਦਾਤਾਰ ਪਿਤਾ ਜੀ ਨੇ ਕਿੰਨੀ ਅਥਾਹ ਲਗਨ ਨਾਲ ਸੰਸਾਰ ਤਾਰਨ ਦਾ ਕੰਮ ਜਾਰੀ ਰੱਖਿਆ। ਸੁੰਦਰ ਪਲੰਘਾਂ ਦੀ ਥਾਂ ਰੋੜਿਆਂ ਤੇ ਆਸਣ ਜਮਾ ਕੇ ਰਾਤਾਂ ਕੱਟੀਆਂ, ਰੇਤ ਅੱਕ ਦਾ ਆਹਾਰ ਕੀਤਾ; ਮੀਂਹ, ਹਨੇਰੀ, ਕੱਕਰ, ਪਾਲੇ ਵਿਚ ਸੀਤ ਦੀਆਂ ਠੰਢੀਆਂ ਲਹਿਰਾਂ ਝੱਲੀਆਂ, ਅਨੇਕਾਂ ਜੱਫਰ ਜਾਲਣ ਵਾਲੇ ਪੈਂਡੇ ਤਹਿ ਕੀਤੇ, ਅਤੇ ਜਾਨ ਤਲੀ ਤੇ ਰੱਖ ਕੇ, ਸ਼ੇਰਾਂ ਦੇ ਘੁਰਨਿਆਂ ਵਿਚ ਬੇਖ਼ੌਫ਼ ਜਾ ਵੜੇ। ਭਾਰਤ ਤੇ ਭਾਰਤ ਤੋਂ ਬਾਹਰ ਦੇ ਧਰਮ-ਅਸਥਾਨਾਂ ਵਿਚ ਕੁਰੀਤੀਆਂ ਨੂੰ ਬੰਦ ਕਰਨਾ, ਪਖੰਡਾਂ ਦੇ ਗੜ੍ਹਾਂ ਨੂੰ ਤੋੜਨਾ, ਬੰਦੀਖਾਨਿਆਂ ਵਿਚ ਬੰਦ ਨਿਰਦੋਸ਼ਾਂ ਨੂੰ ਮੁਕਤ ਕਰਾਉਣਾ, ਧਾੜਵੀਆਂ ਤੇ ਜ਼ਾਲਮਾਂ ਦੇ ਟਿਕਾਣਿਆਂ ਵਿਚ ਜਾਣਾ, ਪਹਾੜਾਂ ਵਿਚ ਸਿੱਧਾਂ ਨੂੰ ਨਾਮ ਦੀ ਮਹਿਮਾ ਦ੍ਰਿੜ੍ਹਾਉਣੀ, ਆਦਿਕ ਜਿੱਥੇ ਹਜ਼ੂਰ ਦੀ ਨਿਡਰਤਾ ਦੇ ਸੂਚਕ ਹਨ, ਓਥੇ ਬੇਗ਼ਰਜ਼ ਪਰਉਪਕਾਰ ਤੇ ਆਦਰਸ਼ਕ ਤਿਆਗ ਦੇ ਵੀ ਸੁੰਦਰ ਨਮੂਨੇ ਹਨ।

ਉਸ ਸਮੇਂ ਸਿੱਧਾਂ, ਜੋਗੀਆਂ ਤੇ ਬੈਰਾਗੀਆਂ ਦਾ ਬਹੁਤ ਬੋਲ-ਬਾਲਾ ਸੀ। ਇਹ ਆਪਣੇ ਆਪ ਨੂੰ ਗ੍ਰਿਹਸਤੀਆਂ ਤੋਂ ਸ੍ਰੇਸ਼ਟ ਸਮਝਦੇ ਸਨ। ਉਨ੍ਹਾਂ ਨੂੰ ਹਜ਼ੂਰ ਨੇ ਤਿਆਗ ਦਾ ਅਸਲ ਭਾਵ ਸਮਝਾਇਆ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਝੂਠ, ਨਿੰਦਾ, ਮਾਨ ਅਭਿਮਾਨ ਤਿਆਗੇ ਬਿਨਾਂ ਸਹੀ ਅਰਥਾਂ ਵਿਚ ਕੋਈ ਤਿਆਗੀ

ਨਹੀਂ ਹੋ ਸਕਦਾ—

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥੩॥੪॥[ਮਾਰੂ ਮ:੫ ਅਸ:ਪੰਨਾ ੧੦੧੮

ਕਰਾਮਾਤੀ ਸ਼ਕਤੀ ਦੇ ਹੰਕਾਰ, ਵਲੀ ਕੰਧਾਰੀ, ਸਿੱਧਾਂ ਤੇ ਹੋਰ ਅਨੇਕ ਅਹੰਮੇਵ-ਮੱਤਿਆਂ ਨੂੰ ਇਨ੍ਹਾਂ ਸ਼ਕਤੀਆਂ ਦੇ ਅਹੰਕਾਰ ਤੋਂ ਛੁਟਕਾਰਾ ਪਾਉਣ ਦਾ ਉਪਦੇਸ਼ ਦਿੱਤਾ।

ਪੰਚਮ ਪਾਤਸ਼ਾਹ ਨੇ ਫੁਰਮਾਇਆ ਹੈ—

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥੨॥
(ਆਸਾ ਮ: ੫—੩੭੦)

ਅਤੇ ਦਸਿਆ ਕਿ ਅਪਣੱਤ, ਆਪਾ ਭਾਵ, ਮੈਂ-ਮੇਰੀ ਛਡੇ ਬਿਨਾਂ ਕਿਵੇਂ ਕੋਈ ਤਿਆਗੀ ਬਣ ਸਕਦਾ ਹੈ—

ਬਿਨੁ ਬੈਰਾਗ ਕਹਾ ਬੈਰਾਗੀ ॥
ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥੪॥੧੯॥ (ਭੈਰਉ ਮ: ੫—੧੧੪੦)

ਤਿਆਗ ਦਾ ਪੁਤਲਾ ਹੀ ਤਿਆਗੀ ਅਖਵਾ ਸਕਦਾ ਹੈ। ਜੇ ਉਸਦੇ ਮਨ ਵਿਚ ਆਸਾ, ਮਨਸਾ, ਤ੍ਰਿਸਨਾ ਤੇ ਖ਼ਾਹਸ਼ਾਂ ਦੀ ਪਕੜ ਹੈ ਤਾਂ ਲਿਵ ਲਾਉਣੀ, ਹਰਿ ਸਿਉਂ ਪ੍ਰੀਤਿ ਨਿਭਾਉਣੀ ਤੇ ਸਹਜ ਅਵਸਥਾ ਪ੍ਰਾਪਤ ਕਰਨੀ ਅਸੰਭਵ ਬਣ ਜਾਵੇਗੀ। ਰਹਿਣ ਦੀ ਚਿੰਤਾ, ਪਹਿਨਣ ਦੀ ਲਾਲਸਾ ਤੇ ਖਾਣ ਦੇ ਫਿਕਰ ਵਿਚ ਉਲਝਿਆ ਪ੍ਰਾਣੀ ਪੂਰਨ ਤੌਰ ਤੇ ਸੰਨਿਆਸੀ ਨਹੀਂ ਬਣ ਸਕਦਾ। ਗੁਰ ਫ਼ੁਰਮਾਨ ਹੈ—

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥੭॥ (ਮਾਰੂ ਮ: ੧—੧੦੧੩)

ਸੱਚੇ ਗੁਰਦੇਵ ਜੀ ਨੂੰ ਜਨਮ ਤੋਂ ਹੀ ਨਾ ਸੰਸਾਰਕ ਪਦਾਰਥਾਂ ਦੀ ਖਿੱਚ ਸੀ, ਨਾ ਮਾਇਆ ਨਾਲ ਪਿਆਰ। ਆਪ ਜੀ ਨੇ ਬਚਪਨ ਵਿਚ ਹੀ ਨੰਗਿਆਂ ਦਾ ਨੰਗ ਢੱਕਿਆ, ਬਸਤਰ ਦਿੱਤੇ, ਅਤੇ ਭੁਖਿਆਂ ਨੂੰ ਅੰਨ-ਜਲ ਛਕਾ ਕੇ ਤ੍ਰਿਪਤ ਕੀਤਾ। ਵੱਡੇ ਹੋਏ ਤਾਂ ਭੁੱਖੇ ਸਾਧੂਆਂ ਦੀ ਸੇਵਾ ਆਪਣੇ ਹੱਥੀਂ ਕੀਤੀ ਤੇ ਪਿਤਾ ਜੀ ਦੇ ਦਿੱਤੇ ਵੀਹ ਰੁਪਇਆਂ ਨਾਲ ਸੱਚਾ ਸੌਦਾ ਕੀਤਾ, ਜਿਸ ਸੌਦੇ ਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਮੋਦੀਖ਼ਾਨੇ ਦੀ ਕਿਰਤ-ਕਾਰ ਕਰਦਿਆਂ ਵੀ ਲੋੜਵੰਦਿਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਅਤੇ ਮੋਦੀਖ਼ਾਨਾ ਤਿਆਗਣ ਸਮੇਂ ਹਿਸਾਬ ਕੀਤਿਆਂ ਜੋ ਸੱਤ ਕੁ ਸੌ ਰੁਪਿਆ ਮਿਲਿਆ, ਉਹ ਸਾਰੀ ਰਕਮ ਵੀ ਹਜ਼ੂਰ ਨੇ ਗਰੀਬਾਂ ਅਨਾਥਾਂ ਵਿਚ ਵੰਡ ਦਿੱਤੀ। ਆਪ ਜੀ ਨੇ ਮੋਦੀ ਦੀ ਕਿਰਤ ਇਹ ਪੈਸੇ ਇਕੱਠੇ ਕਰਨ ਨਈ ਥੋੜ੍ਹੋਂ ਕੀਤੀ ਸੀ, ਸਗੋਂ ਇਹ ਤਾਂ ਆਪਣੀ ਵੱਡੀ ਭੈਣ ਦਾ ਮਾਣ ਰੱਖਿਆ ਸੀ।

'ਹਉਮੈ ਦੀਰਘੁ ਰੋਗੁ ਹੈ' ਅਨੁਸਾਰ ਜਦ ਤੱਕ ਹਉਮੈ ਦਾ ਨਾਸ ਨਹੀਂ ਹੁੰਦਾ, ਕਿਸੇ ਵੀ ਅਉਗੁਣ ਦਾ ਦੋਬਾਰਾ ਪ੍ਰਗਟ ਹੋਣਾ ਸੰਭਵ ਹੈ। ਅਉਗੁਣਾਂ ਨਾਲ ਜੂਝਣਾ ਸੂਰਮੇ ਦਾ ਕੰਮ ਹੈ। ਇਹ ਏਨੇ ਬਲਵਾਨ ਹਨ ਕਿ ਜੇ ਇਕ ਅੱਧੇ ਅਉਗਣ ਨੂੰ ਅਸਾਂ ਕਿਸੇ ਤਰ੍ਹਾਂ ਅਧੀਨ ਕਰ ਵੀ ਲਿਆ ਅਤੇ ਗਾਫ਼ਲ ਹੋ ਕੇ ਬੈਠ ਗਏ ਤਾਂ ਅਚਾਨਕ ਕੋਈ ਹੋਰ ਅਉਗਣ ਸਾਡੇ ਉਤੇ ਹਾਵੀ ਹੋ ਜਾਂਦਾ ਹੈ। ਇਕ ਮਾਇਆ ਨੂੰ ਵੱਸ ਕਰਨਾ ਕਾਫ਼ੀ ਨਹੀਂ, ਹੋ ਸਕਦਾ ਹੈ, ਮਾਨ ਅਭਿਮਾਨ ਦੇ ਸ਼ਕੰਜੇ ਵਿਚ ਅਸੀਂ ਫੱਸ ਜਾਈਏ। ਇਸ ਤੋਂ ਸੁਚੇਤ ਰਹਿਣ ਦੀ ਬਹੁਤ ਲੋੜ ਹੈ। ਪਾਵਨ ਹੁਕਮ ਹੈ—

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥ (ਸਲੋਕ ਕਬੀਰ ਜੀ—੧੩੭੨)



www.AKJ.Org

ਸੱਚੇ ਪਾਤਸ਼ਾਹ 'ਨਉਨਿਧਿ ਨਾਮ ਗਰੀਬੀ' ਦੀ ਦਾਤਿ ਦਰਗਾਹੋਂ ਲੈ ਕੇ ਆਏ ਸਨ । ਨਾਮ ਤੇ ਨਿਮਰਤਾ ਦਾ ਇਹ ਸੁਜੋੜ ਸਭ ਅਉਗਣਾਂ ਨੂੰ ਸਾੜਨ ਦੇ ਸਮਰੱਥ ਹੈ। ਸੜੀ ਹੋਈ, ਭਸਮ ਹੋਈ ਕੋਈ ਵਸਤੂ ਆਮ ਤੌਰ ਤੇ ਵਾਪਸ ਉਸ ਰੂਪ ਵਿਚ ਨਹੀਂ ਆਉਂਦੀ।

ਇਕ ਵਾਰਤਾ ਆਉਂਦੀ ਹੈ ਕਿ ਇਕ ਯੋਗੀ ਆਪਣੀ ਸਾਧਨਾ ਦੁਆਰਾ ਮੋਹ ਦੀ ਪਕੜ ਤੋਂ ਸੁਤੰਤਰ ਹੋ ਗਿਆ। ਮੋਹ-ਚਿੱਕੜ ਵਿਚ ਗ੍ਰਸਤ ਪ੍ਰਾਣੀਆਂ ਦੀ ਤਰਸਯੋਗ ਹਾਲਤ ਤੱਕ ਕੇ ਉਸ ਦੇ ਮਨ ਵਿਚ ਪਰਉਪਕਾਰ ਦੀ ਭਾਵਨਾ ਜਾਗੀ। ਉਸ ਨੇ ਮਨ ਵਿਚ ਫ਼ੈਸਲਾ ਕੀਤਾ ਕਿ ਮੋਹ ਤੋਂ ਨਿਰਲੇਪ ਰਹਿਣ ਲਈ, ਉਹ ਆਪਣੀਆਂ ਅਜ਼ਮੂਦਾ ਜੁਗਤੀਆਂ ਨੂੰ ਲਿਖਤੀ ਰੂਪ ਦੇ ਕੇ, ਉਨ੍ਹਾਂ ਅਭਾਗਿਆਂ ਦੀ ਆਤਮਿਕ ਅਵਸਥਾ ਵਿਚ ਸਹਜ ਤੇ ਨਿਰਲੇਪਤਾ ਦੇ ਗੁਣ ਭਰ ਸਕੇਗਾ। ਉਸ ਪੂਰੀ ਲਗਨ ਨਾਲ ਕੰਮ ਕੀਤਾ ਤੇ ਤਿੰਨ ਚਾਰ ਮਹੀਨਿਆਂ ਵਿਚ ਖਰੜਾ ਤਿਆਰ ਕਰ ਲਿਆ। ਛਪਾਉਣ ਤੋਂ ਪਹਿਲਾਂ, ਉਸਦਾ ਇਕ ਮਿੱਤਰ ਆਇਆ ਤੇ ਪੜ੍ਹਨ ਲਈ ਜਾਂ ਹੋਰ ਸੁਝਾਉ ਦੇਣ ਲਈ ਆਪਣੇ ਘਰ ਲੈ ਗਿਆ। ਐਸਾ ਭਾਣਾ ਵਰਤਿਆ ਕਿ ਉਸ ਮਿੱਤਰ ਤੋਂ ਉਹ ਖਰੜਾ ਗੁੰਮ ਹੋ ਗਿਆ। ਦੂਸਰੇ ਦਿਨ ਉਸ ਮਿੱਤਰ ਨੇ ਜਾ ਕੇ ਜਦ ਗੁਆਚਣ ਬਾਰੇ ਯੋਗੀ ਨੂੰ ਦੱਸਿਆ, ਤਾਂ ਯੋਗੀ, ਏਨੀ ਮਿਹਨਤ ਨਾਲ ਤਿਆਰ ਕੀਤੇ ਖਰੜੇ ਦਾ ਵਿਛੋੜਾ ਸਹਿ ਨਾ ਸਕਿਆ ਅਤੇ ਪਾਗਲ ਹੋ ਗਿਆ।

ਇਹ ਵਾਰਤਾ ਕੇਵਲ ਕਹਾਣੀ ਨਹੀਂ, ਸਾਡੇ ਲਈ ਗਿਆਨ-ਭਰਪੂਰ ਦ੍ਰਿਸ਼ਟਾਂਤ ਹੈ ਕਿ ਪਰਉਪਕਾਰ ਕਰਨਾ ਸਾਡਾ ਫ਼ਰਜ਼ ਹੈ, ਪਰ ਇਹ ਭਲਾਈ ਸਤਿਗੁਰੂ ਦੇ ਹੁਕਮ ਅਧੀਨ ਕਰੀਏ, ਐਸਾ ਨਾ ਹੋਵੇ ਕਿ ਅਸੀਂ ਪਰਉਪਕਾਰ ਦੀ ਪਕੜ ਵਿਚ ਹੀ ਫਸ ਜਾਈਏ, ਤੇ ਯੋਗੀ ਵਾਂਗਰ ਦੂਸਰਿਆਂ ਨੂੰ ਮੋਹ ਦੇ ਚਿੱਕੜ ਵਿਚ ਫਸਿਆਂ ਨੂੰ ਬਚਾਉਂਦੇ ਆਪ ਹੀ ਚਿੱਕੜ ਵਿਚ ਧੱਸ ਜਾਈਏ।

ਅਸਲ ਤਿਆਗ, ਉਪਰੋਕਤ ਗੁਣਾਂ ਦੇ ਇਲਾਵਾ, ਚਾਤਰੀਆਂ ਸਿਆਣਪਾਂ, ਮਨ ਦੀਆਂ ਮੱਤੜੀਆਂ ਤੇ ਅਕਲਾਂ ਤੋਂ ਰਹਿਤ ਹੁੰਦਾ ਹੈ। ਇਸ ਵਿਚ ਵਾਹ ਵਾਹ, ਖ਼ੁਸ਼ਾਮਦ, ਤੇ ਫੋਕਟ ਦਿਖਾਵੇ ਦਾ ਅੰਸ਼ ਨਹੀਂ ਹੁੰਦਾ। ਤਿਆਗ ਦਾ ਤਿਆਗ ਐਸੀ ਮਨੋਬਿਰਤੀ ਹੈ, ਜਿਸ ਵਿਚ ਤਿਆਗ ਦਾ ਅਹਿਸਾਸ ਜਾਂ ਸੰਕਲਪ ਵੀ ਨਿਕਟ ਨਹੀਂ ਫਟਕਦਾ। ਪਰ ਗੁਰੂ ਨਾਨਕ ਨਿਰੰਕਾਰੀ ਦਾ ਤਿਆਗ ਬਿਲਕੁਲ ਵੱਖਰਾ ਤੇ ਸ੍ਰੇਸ਼ਟ ਹੈ। ਇਉਂ ਲੱਗਦਾ ਹੈ ਇਹ ਪਰਉਪਕਾਰ ਜਾਂ ਅਹਿਸਾਨ ਨਹੀਂ, ਇਹ ਧਰਮ ਹੈ, ਰੱਬੀ ਨਾਤੇ ਦਾ ਕਰਮ ਹੈ ਤੇ ਦੈਵੀ ਪ੍ਰੀਤਿ ਦਾ ਪ੍ਰਗਟਾਵਾ ਹੈ।

ਮਾਤ ਪਿਤਾ ਆਪਣੇ ਬੱਚਿਆਂ ਦੇ ਭਵਿੱਖ ਲਈ ਕਿੰਨੀ ਘਾਲਣਾ ਕਰਦੇ ਹਨ। ਆਪਣੇ ਸਾਰੇ ਸੁੱਖ ਤਿਆਗ ਕੇ ਉਨ੍ਹਾਂ ਨੂੰ ਸੁਖੀ ਤੇ ਖ਼ੁਸ਼ਹਾਲ ਬਣਾ ਕੇ ਪ੍ਰਸੰਨ ਹੁੰਦੇ ਹਨ। ਇਸਨੂੰ ਅਸੀਂ ਤਿਆਗ ਨਹੀਂ ਕਹਿੰਦੇ, ਕਿਉਂਕਿ ਪਰਿਵਾਰ ਵਿਚ ਅਹਿਸਾਨ ਨਹੀਂ ਹੁੰਦਾ, ਸਗੋਂ ਇਹ ਮਮਤਾ ਹੈ। ਸਤਿਗੁਰ ਨਾਨਕ ਦੇਵ ਜੀ ਦੀਆਂ ਨਿਗਾਹਾਂ ਵਿਚ ਸਾਰਾ ਸੰਸਾਰ ਉਨ੍ਹਾਂ ਦਾ ਪਰਿਵਾਰ ਹੈ, ਬਿਲਕੁਲ ਉਸ ਤਰ੍ਹਾਂ ਜਿਵੇਂ ਰਚਨਹਾਰ ਦੀ ਰਚਨਾ ਉਸ ਦਾ ਅਤੁੱਟ ਅੰਗ ਹੈ।

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥
ਏਕ ਏਕ ਦੇ ਕੀ ਪੀਰ ਪਛਾਨੈ ॥ ਘਟ ਘਟ ਕੇ ਪਟ ਪਟ ਕੀ ਜਾਨੈ ॥੧੨॥

(ਕਬਜੋ ਬਾਚ ਬੇਨਤੀ, ਚੌਪਈ ਪਾ: ੧੦)

ਪਰਿਵਾਰ ਦੇ ਦੁੱਖ ਸੁੱਖ ਦੀ ਸਾਰ, ਪਰਿਵਾਰ ਦੇ ਮੁਖੀ ਬਿਨਾਂ ਕੌਣ ਲੈਂਦਾ ਹੈ ? ਸਾਰ ਹੀ ਨਹੀਂ, ਹਰਿ ਨਾਮ ਔਸ਼ਧੀ ਦੁਆਰਾ ਰੋਗੀਆਂ ਦੇ ਅਸਾਧ ਰੋਗਾਂ ਦਾ ਘਾਣ ਵੀ ਕਰਦਾ ਹੈ। ਸਤਿਗੁਰੂ ਨਾਨਕ ਦੇਵ ਸਾਹਿਬ ਦੀ ਐਸੀ ਹੈ ਵਡਿਆਈ, ਜਿਹੜੀ ਜਾਤਾਂ, ਨਸਲਾਂ, ਧਰਮਾਂ, ਦੇਸ਼ਾਂ, ਤੇ ਦੀਪਾਂ ਦੀ ਵਲਗਣ ਤੋਂ ਟੱਪ ਕੇ ਜੁਗਾਂ ਜੁਗਾਂਤਰ ਵਿਚ ਪ੍ਰਗਟ ਹੋ ਰਹੀ ਹੈ।



www.AKJ.Org

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੇ ਤੱਥਾਂ ਤੇ ਇਕ ਨਜ਼ਰ (੬)

[ਕੈਪਟਿਨ ਸਵਰਨ ਸਿੰਘ ਜੀ]

ਅਕਬਰ ਦੇ ਰਾਜ-ਕਾਲ ਦੇ ਅੰਤ ਤਕ ਦਰਬਾਰ ਵਿਚ ਸੂਫ਼ੀ ਮੱਤ ਦੀਆਂ ਦੋ ਸੰਪ੍ਰਦਾਵਾਂ ਸਨ। ਇਨ੍ਹ ਵਿਚੋਂ ਪਹਿਲੀ ਸੰਪ੍ਰਦਾ ਜਿਸ ਦਾ ਮੁਕੰਮਲ ਤੇ ਗੂੜ੍ਹਾ ਪ੍ਰਭਾਵ ਸੀ, ਉਸ ਵੇਲੇ ਉਸ ਦਾ ਵੱਡਾ ਆਗੂ ਹਜ਼ਰਤ ਮੀਆਂ ਮੀਰ ਸੀ, ਅਤੇ ਦੂਜੀ ਦਾ ਸ਼ੇਖ ਅਹਿਮਦ ਸਰਹਿੰਦੀ। ਦੋਵੇਂ ਸੰਪ੍ਰਦਾਵਾਂ ਅੱਗੇ ਕਈ ਸਿਲਸਿਲਿਆਂ ਵਿਚ ਵੰਡੀਆਂ ਹੋਈਆਂ ਸਨ, ਜਿਵੇਂ ਕਾਦਰੀਆ, ਚਿਸ਼ਤੀ ਅਤੇ ਸੁਹਰਾਵਰਦੀਆ, ਆਦਿ। ਹਜ਼ਰਤ ਮੀਆਂ ਮੀਰ ਦਾ ਸੰਬੰਧ ਕਾਦਰੀਆ ਸਿਲਸਿਲੇ ਨਾਲ ਸੀ। ਅਕਬਰ ਤੇ ਉਸ ਦੇ ਦਰਬਾਰੀਆਂ ਉਤੇ ਮੀਆਂ ਮੀਰ ਜੀ ਦੀ ਸੁਲ੍ਹਾ-ਕੁਲ, ਖੁਲ੍ਹ-ਦਿਲੀ, ਸ਼ਰੱਈ ਤੁਅੱਸਬ ਤੋਂ ਲੱਖਾਂ ਕੋਹਾਂ ਦੀ ਦੂਰੀ ਵਾਲੇ ਮਨ ਤੇ ਇਸ ਦੀ ਸੋਚ ਦਾ ਪ੍ਰਭਾਵ ਸੀ। ਇਹੋ ਕਾਰਨ ਸੀ ਕਿ ਅਕਬਰ ਹਿੰਦੁਸਤਾਨ ਤੇ ਰਾਜ ਕਰਨ ਵਾਲੇ ੫੭ ਮੁਸਲਮਾਨ ਬਾਦਸ਼ਾਹਾਂ ਵਿਚੋਂ ਸਭ ਤੋਂ ਜ਼ਿਆਦਾ ਫ਼ਰਾਖ਼-ਦਿਲ, ਸਭ ਧਰਮਾਂ ਦਾ ਬਰਾਬਰ ਦਾ ਸਤਿਕਾਰ ਕਰਨ ਵਾਲਾ, ਤੁਅਸਬ ਤੇ ਫ਼ਿਰਕਾ-ਪ੍ਰਸਤੀ ਤੋਂ ਬਿਲਕੁਲ ਨਿਰਲੇਪ ਸੀ। ਸ਼ੇਖ ਅਹਿਮਦ, ਜੋ ਨਕਸ਼ਬੰਦੀਆ ਸਿਲਸਿਲੇ ਦਾ ਸ਼੍ਰੋਮਣੀ ਮੁਰ੍ਸ਼ਦ ਸੀ, ਮੀਆਂ ਮੀਰ ਦੇ ਸੁਲ੍ਹਾ-ਕੁਲ ਸਿਧਾਂਤ ਦਾ ਕੱਟੜ ਵਿਰੋਧੀ ਸੀ। ਇਸ ਸਿਧਾਂਤ ਤੇ ਚਲਣ ਵਾਲੇ ਅਕਬਰ ਦੀ ਵਿਸ਼ਾਲ ਆਤਮਾ, ਜੋ ਬੇਇਨਸਾਫ਼ੀ ਦੀ ਨੀਤੀ ਤੋਂ ਅਭਿੱਜ ਸੀ, ਨੂੰ ਵੇਖ ਕੇ ਸ਼ੈਖ ਅਹਿਮਦ ਦੀ ਅਤੀ ਦੁਖੀ ਤੇ ਕ੍ਰੋਧਵਾਨ ਹੋ ਚੁਕੀ ਆਤਮਾ ਨੂੰ "ਦਿੱਬਜ-ਗਿਆਨ" ਹੋਇਆ ਕਿ ਇਸਲਾਮ ਦੇ ਅਰੰਭ ਨੂੰ ਇਕ ਹਜ਼ਾਰ ਸਾਲ ਹੋ ਚੁਕਿਆ ਹੈ ਤੇ ਦੂਸਰੇ ਹਜ਼ਾਰ ਸਾਲ ਦਾ ਅਰੰਭ ਹੈ। ਪਰ ਇਸਲਾਮੀ ਦੀਨ ਦੀ ਹਾਲਤ ਬਿਲਕੁਲ ਨਿਘਰ ਚੁਕੀ ਹੈ। ਇਸ ਦੀ ਪੁਨਰ-ਸੁਰਜੀਤੀ ਲਈ ਮੁਜੱਦਦ ਯਾਅਨੀ ਧਰਮ-ਰੱਖਯਕ ਦੀ ਲੋੜ ਹੈ। ਫਿਰ ਉਸ ਨੂੰ ਉਸ ਦੇ ਕਹੇ ਅਨੁਸਾਰ ਰੱਬੀ ਆਵਾਜ਼ ਸੁਣਾਈ ਦਿਤੀ ਕਿ ਅਲਫ਼ ਸਾਨੀ (ਅਲਫ਼—ਹਜ਼ਾਰ, ਸਾਨੀ—ਦੂਸਰਾ) ਅਰਥਾਤ "ਦੂਸਰਾ ਹਜ਼ਾਰਾ" ਉਸਨੂੰ ਹੀ ਅੱਲਾ ਨੇ ਥਾਪ ਦਿਤਾ ਹੈ।੧

ਅਕਬਰ ਦੇ ਅੰਤਲੇ ਦਹਾਕੇ ਵਿਚ ਸ਼ੇਖ਼ ਅਹਿਮਦ ਆਪਣੇ ਸਿਧਾਂਤ ਦਾ ਬੜਾ ਖੁਲ੍ਹ ਕੇ ਪ੍ਰਚਾਰ ਕਰਨ ਲੱਗ ਪਿਆ। ਇਹ ਪ੍ਰਚਾਰ ਇਸ ਨੇ ਭਾਸ਼ਨਾਂ ਤੇ ਆਪਣ ਚੇਲਿਆਂ, ਜਿਨ੍ਹਾਂ ਵਿਚ ਮੁਗਲ ਸਰਕਾਰ ਦੇ ਬੜੇ ਬੜੇ ਅਹਿਲਕਾਰ, ਫ਼ੌਜਦਾਰ ਤੇ ਆਮ ਮੁਸਲਮਾਨਾਂ ਵਿਚੋਂ ਮੌਲਾਣੇ ਤੇ ਮੌਲਵੀ ਮੁਫ਼ਤੀ ਅਤੇ ਕਾਜ਼ੀ ਆਦਿ ਵੀ ਸਨ, ਨੂੰ ਲਿਖਤੀ ਚਿਠੀਆਂ ਲਿਖ ਲਿਖ ਕੇ ਸ਼ੁਰੂ ਕੀਤਾ।੨ ਸਭ ਤੋਂ ਜ਼ਿਆਦਾ ਚਿਠੀਆਂ ਸ਼ੈਖ਼ ਸੱਯਦ ਫਰੀਦ ਬੁਖਾਰੀ ਨੂੰ ਲਿਖੀਆਂ। ਇਹ ਬੜੇ ਅਸਰ ਰਸੂਖ ਵਾਲਾ ਫ਼ੌਜੀ ਅਫਸਰ ਸੀ।

ਅਕਬਰ ਜਹਾਂਗੀਰ ਦੇ ਪੁਤ ਖ਼ੁਸਰੋ ਨੂੰ ਹਿੰਦੁਸਤਾਨ ਦੇ ਤਖ਼ਤ ਤੇ ਬਿਠਾਉਣਾ ਚਾਹੁੰਦਾ ਸੀ। ਅਕਬਰ ਹਮੇਸ਼ਾ ਉਸ ਨੂੰ ਆਪਣੇ ਨਾਲ ਰਖਦਾ। ਅਤੇ ਚੰਗਾ ਸ਼ਾਸਕ ਬਣਨ ਲਈ ਅਕਬਰ ਨੇ ਉਸ ਵਿਚ ਨਿਜੀ ਦੇਖ ਰੇਖ ਵਿਚ ਪੂਰੀ ਯੋਗਤਾ ਭਰ ਦਿਤੀ ਸੀ। ਦੂਜੇ ਪਾਸੇ ਸ਼ੈਖ ਅਹਿਮਦ ਸਰਹਿੰਦੀ ਦੇ ਸਿਧਾਂਤ ਉਤੇ ਚਲਣ ਵਾਲਾ ਟੋਲਾ ਸੀ, ਜੋ ਉਸ ਦਾ ਇਸ਼ਾਰਾ ਪਾ ਕੇ ਜਹਾਂਗੀਰ ਨੂੰ ਤਖ਼ਤ ਤੇ ਬਿਠਾਉਣ ਲਈ ਤੁਲਿਆ ਹੋਇਆ ਸੀ ਅਤੇ ਉਸ ਦੀ ਰਾਜ-ਸ਼ਕਤੀ ਨੂੰ ਵਰਤ ਕੇ ਇਸਲਾਮ ਨੂੰ ਨਿਘਾਰ ਵਾਲੀ ਸਥਿਤੀ ਵਿਚੋਂ ਕੱਢ ਕੇ ਉਤਲੇ ਪੱਲੇ ਲਿਆਉਣਾ ਚਾਹੁੰਦਾ ਸੀ। ਸ਼ੇਖ਼ ਫ਼ਰੀਦ ਬੁਖ਼ਾਰੀ ਦੀ ਜੁੰਡਲੀ ਨੇ ਤਖ਼ਤ ਹਾਸਿਲ ਕਰਨ ਵਿਚ ਜਹਾਂਗੀਰ ਦੀ ਬੜੀ ਮਦਦ ਕੀਤੀ। ਉਸ ਨੇ ਤਖ਼ਤ ਉਤੇ ਬੈਠਦੇ ਸਾਰ ਹੀ ਉਸਨੂੰ "ਮੁਰਤਜ਼ਾ ਖਾਨ" ਦਾ ਖ਼ਿਤਾਬ ਬਖਸ਼ਿਆ ਤੇ ਉਸ ਦੇ ਜੰਗੀ ਰੁਤਬੇ ਨੂੰ ਵਧਾ ਕੇ ਛੇ-ਹਜ਼ਾਰੀ ਕਰ ਦਿਤਾ। ਇਹ ਸ਼ੈਖ਼ ਫ਼ਰੀਦ ਅਰਥਾਤ ਮੁਰਤਜ਼ਾ ਖਾਨ, ਮੁਜੱਦਦ ਦਾ ਅਤੀ ਸ਼ਰਧਾਵਾਨ ਤੇ ਬੜਾ ਕੱਟੜ ਚੇਲਾ ਸੀ। ਖ਼ੁਸਰੋ ਦੀ ਬਗਾਵਤ ਨੂੰ ਏਸੇ ਨੇ ਹੀ ਕੁਚਲਿਆ ਸੀ। ਖ਼ੁਸਰੋ ਦਾ ਵੱਡਾ ਦੋਸ਼ ਇਹ ਸੀ ਕਿ ਉਸ ਦੀ ਗੁਰੂ ਘਰ ਅਤੇ ਗੁਰੂ ਅਰਜਨ ਦੇਵ ਉਤੇ ਮਹਾਨ ਸ਼ਰਧਾ ਸੀ, ਤੇ ਉਹ ਬਗਾਵਤ ਨਾਲ



www.AKJ.Org

ਤਖ਼ਤ ਹਾਸਿਲ ਕਰ ਕੇ ਗੁਰੂ ਸਾਹਿਬਾਨ ਵਲੋਂ ਸਿਧਾਂਤਕ ਤੌਰ ਤੇ ਦਰਸਾਏ ਬਹੁ-ਕੇਂਦ੍ਰਿਤ ਸਮਾਜ ਦੀ ਹਿੰਦੁਸਤਾਨ ਵਿਚ ਸਥਾਪਨਾ ਦਾ ਦਿਲੋਂ ਹਾਮੀ ਸੀ। ਜਹਾਂਗੀਰ ਨੇ ਏਸੇ ਮੁਰਤਜ਼ਾ ਖ਼ਾਨ ਦੇ ਹਵਾਲੇ ਗੁਰੂ ਸਾਹਿਬ, ਉਨ੍ਹਾਂ ਦਾ ਪ੍ਰਵਾਰ ਤੇ ਘਰ ਘਾਟ ਕਰ ਦਿਤਾ ਸੀ। ਗੁਰੂ ਸਾਹਿਬ ਨੂੰ ਤਸੀਹੇ (ਯਾਸਾ ਰਾਹੀਂ) ਦੇ ਕੇ ਕਤਲ ਕਰਨ ਦਾ ਕੰਮ ਏਸੇ ਨੂੰ ਹੀ ਸੌਂਪਿਆ ਗਿਆ ਸੀ।

ਗੁਰੂ ਅਰਜਨ ਦੇਵ ਜੀ ਇਸ ਗੱਲ ਤੋਂ ਭਲੀ ਭਾਂਤ ਜਾਣੂ ਸਨ ਕਿ ਮੁਗ਼ਲ ਦਰਬਾਰ ਕਿਸ ਸਥਿਤੀ ਵਿਚ ਹੈ ਤੇ ਇਸ ਦੀ ਰਾਜਸੀ ਤੇ ਧਾਰਮਿਕ ਚਾਲ ਦਾ ਰੁਖ਼ ਕਿਸ ਪਾਸੇ ਹੈ ਤੇ ਇਸ ਸਾਰੇ ਦੇ ਪਿਛੇ ਕਿਸ ਦਾ ਹੱਥ ਹੈ। ਮੁਜੱਦਦ ਦੇ ਨਾਲ, ਉਸ ਦੇ ਕੱਟੜ ਚੇਲੇ ਮੁਰਤਜ਼ਾ ਖ਼ਾਨ, ਲੱਲਾ ਬੇਗ, ਸ਼ਮਸ ਬੇਗ ਤੇ ਕਮਰ ਬੇਗ ਆਦਿ ਸਨ—ਏਕਾ-ਕੇਂਦ੍ਰਿਤ ਸਮਾਜ ਦੇ ਮੁਜੱਦਦੀ ਖੜਯੰਤ੍ਰ ਨੂੰ ਸਿਰੇ ਚੜ੍ਹਾਉਣ ਵਾਲੇ। ਗੁਰੂ ਸਾਹਿਬ ਨੇ ਡੱਟ ਕੇ ਇਸ ਨੂੰ ਵੰਗਾਰਿਆ। ਗੁਰੂ ਸਾਹਿਬ ਦੀ ਮਹਾਨ ਸ਼ਖ਼ਸੀਅਤ ਤੇ ਪਾਕ ਹਸਤੀ ਦੇ ਰੂ-ਬਰੂ ਮੁਜੱਦਦ ਨੂੰ ਆਪਣੀ ਪ੍ਰਭਤਾ ਦੀ ਮੌਤ ਦਿਸਦੀ ਸੀ। ਸੋ ਇਸ ਵਿਚ ਰੰਚਕ ਮਾਤ੍ਰ ਵੀ ਸ਼ੱਕ ਯਾ ਸੰਦੇਹ ਨਹੀਂ ਕਿ ਪੰਚਮ ਨਾਨਕ ਨੂੰ ਸ਼ਹੀਦ ਕਰਨ ਦਾ ਇਹ ਕਾਰਾ ਕਰਾਉਣ ਵਾਲਾ ਸ਼ੈਖ਼ ਅਹਿਮਦ ਸਰਹਿੰਦੀ ਮੁਜੱਦਦ ਅਲਫ਼ ਸਾਨੀ ਹੀ ਸੀ।

ਇਸ ਵਿਚ ਵੀ ਰਤਾ ਕਿੰਤੂ ਨਹੀਂ ਕਿ ਜਹਾਂਗੀਰ ਬਚਪਨ ਤੋਂ ਹੀ ਬੜਾ ਕੱਟੜ ਤੇ ਤੁਅੱਸਬੀ ਸੁਭਾਅ ਵਾਲਾ ਸੀ, ਭਾਵੇਂ ਪਿਛੋਂ ਆ ਕੇ ਇਹ ਕਾਫ਼ੀ ਢਲ ਕੇ ਖੁਲ੍ਹ-ਦਿਲਾ ਹੋ ਗਿਆ ਸੀ। ਗੁਰੂ ਅਰਜਨ ਦੇਵ ਨਾਲ ਇਸ ਦਾ ਸਿੱਧਾ ਆਪਣਾ ਕੋਈ ਨਿੱਜੀ ਝਗੜਾ ਨਹੀਂ ਸੀ। ਜੇ ਉਸ ਦਾ ਨਿਸ਼ਾਨਾ ਇਸਲਾਮ ਦੇ ਵਾਧੇ ਲਈ ਗ਼ੈਰ ਮੁਸਲਮਾਨ ਮਾਰਨੇ ਜਾਂ ਦੁਖੀ ਕਰ ਕੇ ਬਦੋ ਬਦੀ ਮੁਸਲਮਾਨ ਬਣਾਉਣਾ ਹੁੰਦਾ ਤਾਂ ਗੁਰੂ ਸਾਹਿਬ ਨਾਲ ਗਏ ਪੰਜ ਸਿਖ ਵੀ ਫੜ ਲਏ ਜਾਂਦੇ, ਹੋਰ ਸਿੱਖਾਂ ਨੂੰ ਵੀ ਫੜ ਕੇ ਉਹ ਕਤਲ ਕਰਵਾ ਸਕਦਾ ਸੀ। ਹਿੰਦੂ ਕੋਈ ਘਟ-ਗਿਣਤੀ ਵਿਚ ਨਹੀਂ ਸਨ। ਇਨ੍ਹਾਂ ਦੇ ਸਾਧੂ ਸੰਤਾਂ ਨੂੰ ਫੜ ਕੇ ਮੁਸਲਮਾਨ ਬਣਾਉਣਾ ਉਸ ਲਈ ਕੋਈ ਔਖੀ ਗੱਲ ਨਹੀਂ ਸੀ।

ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਗੁਰੂ ਅਰਜਨ ਦੇਵ ਨੂੰ ਹੀ ਕਿਉਂ ਫੜ ਕੇ ਸ਼ਹੀਦ ਕੀਤਾ ਗਿਆ? ਥੋੜੀ ਜਿਹੀ ਵਿਚਾਰ ਕਰਨ ਨਾਲ ਜੁਆਬ ਮਿਲ ਜਾਂਦਾ ਹੈ। ਕੇਵਲ ਤੇ ਕੇਵਲ ਸਿਖ ਗੁਰੂ ਸਾਹਿਬਾਨ ਹੀ ਹਨ, ਜੋ ਬਹੁ-ਕੇਂਦ੍ਰਿਤ ਸਮਾਜ ਦੇ ਸਿਧਾਂਤ ਦੇ ਧਾਰਨੀ ਤੇ ਪ੍ਰਚਾਰਕ ਹਨ। ਗੁਰ-ਗੱਦੀ ਉਤੇ ਉਸ ਵੇਲੇ ਸ੍ਰੀ ਪੰਚਮ ਨਾਨਕ ਸੁਭਾਇਮਾਨ ਸਨ ਅਤੇ ਉਨ੍ਹਾਂ ਦੇ ਹੇਠ ਲਿਖੇ ਮੁਖਵਾਕ ਵਿਚ ਹੀ ਦਰਜ ਹੈ ਕਿ ਏਕਾ-ਕੇਂਦ੍ਰਿਤ ਸਮਾਜ ਦੀ ਉਸਾਰੀ ਲਈ ਇਸਲਾਮ ਦੇ ਇਸ ਸ਼੍ਰੋਮਣੀ ਤੇ ਤੁਅੱਸਬ ਵਿਚ ਅੰਨ੍ਹੇ ਹੋ ਚੁਕੇ ਪ੍ਰਚਾਰਕ ਦੀ ਮੰਦ ਭਾਵਨਾਤਿਮਕ ਕੁਚੇਸ਼ਟਾ ਵਾਹਿਗੁਰੂ ਨੂੰ ਮਨਜ਼ੂਰ ਨਹੀਂ ਹੈ—

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਿਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ (ਸਿਰੀਰਾਗੁ ਮ: ੫, ਪੰਨਾ ੭੪

ਸ਼ੈਖ਼ ਅਹਿਮਦ, ਗੁਰੂ ਸਾਹਿਬ ਨੂੰ ਇਸਲਾਮ ਲਈ ਬੜਾ ਵੱਡਾ ਖ਼ਤਰਾ ਸਮਝਦਾ ਹੈ ਅਤੇ ਗੁਰੂ ਸਾਹਿਬ ਦੇ ਕਤਲ ਨੂੰ ਇਸਲਾਮ ਦੇ ਵਾਧੇ ਲਈ ਅਤੀ ਜ਼ਰੂਰੀ ਸਮਝਦੈ।

### ਜਹਾਂਗੀਰ ਤੋਂ ਗੁਰੂ ਸਾਹਿਬ ਦੇ ਕਤਲ ਦਾ ਵਾਹਿਦਾ ਲਿਆ ਗਿਆ—

ਮੁਜੱਦਦੀ ਟੋਲਾ ਅਕਬਰ ਤੋਂ ਪਿਛੋਂ ਜਹਾਂਗੀਰ ਨੂੰ ਤਖ਼ਤ-ਨਸ਼ੀਨ ਕਰਨ ਲਈ ਪੱਕੀ ਪਕਾਈ ਬੈਠਾ ਸੀ। ਮੁਜੱਦਦ ਦੇ ਇਸ਼ਾਰੇ ਤੇ ਉਸਦੇ ਚੇਲੇ—ਉਮਰਾਵਾਂ ਨੇ ਉਸ ਤੋਂ ਇਹ ਪ੍ਰਣ ਲੈ ਲਿਆ ਸੀ ਕਿ ਤਖ਼ਤ ਉਤੇ ਬੈਠ ਕੇ ਉਹ ਮੁਹੰਮਦੀ ਸ਼ਰਆ ਤੇ ਕਾਨੂੰਨ ਅਨੁਸਾਰ ਰਾਜ ਕਰੇਗਾ।੩ ਸੋ ਮੁਜੱਦਦ ਨੇ ਬੜੇ ਢੰਗ ਨਾਲ ਸਲੀਮ (ਜਹਾਂਗੀਰ) ਤੋਂ ਪਹਿਲਾਂ ਹੀ ਇਹ ਪ੍ਰਣ ਲੈ ਲਿਆ ਸੀ ਕਿ ਬਹੁ-ਕੇਂਦ੍ਰਿਤ ਸਮਾਜ ਦਾ ਪ੍ਰਚਾਰ ਕਰਨ ਵਾਲੇ ਸਿਖ ਧਰਮ ਦਾ ਉਹ ਨਾਮੋ ਨਿਸ਼ਾਨ ਮਿਟਾ ਕੇ ਰਖ ਦੇਵੇਗਾ। ਜਹਾਂਗੀਰ ਨੇ ਆਪਣੀ ਸਵੈ-ਜੀਵਨੀ "ਤੁਜ਼ਕਿ-ਜਹਾਂਗੀਰੀ" ਵਿਚ ਜੋ ਇਹ ਸ਼ਬਦ ਲਿਖੇ ਹਨ—"ਬੜੇ ਚਿਰ ਤੋਂ ਮੇਰਾ ਮਨ ਬਣਿਆ ਹੋਇਆ ਸੀ ਕਿ ਇਸ ਝੂਠ



www.AKJ.Org

ਦੀ ਦੁਕਾਨ (ਸਿਖ ਧਰਮ) ਨੂੰ ਸਫ਼ਨ ਸਫ਼ਾ ਕਰ ਦਿਆਂ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਇਸਲਾਮ ਦੇ ਘੇਰੇ ਵਿਚ ਲੈ ਆਵਾਂ।" ਇਹ ਸ਼ਬਦ ਉਸ ਦੇ ਦਿਤੇ ਪ੍ਰਣ ਵਲ ਹੀ ਇਸ਼ਾਰਾ ਕਰਦੇ ਹਨ। ਮੁਜ਼ੱਦਦ ਦੀਆਂ ਚਿੱਠੀਆਂ (ਮਕਤੂਬਾਤਿ ਇਮਾਮ ਰੱਬਾਨੀ) ਸਾਫ਼ ਦਸਦੀਆਂ ਹਨ ਕਿ ਜਿੰਨਾ ਚਿਰ ਗੁਰੂ ਅਰਜਨ ਦੇਵ ਨੂੰ ਕਤਲ ਕਰਨ ਦਾ ਦਿਤਾ ਹੋਇਆ ਪ੍ਰਣ ਜਹਾਂਗੀਰ ਨੇ ਪੂਰਾ ਨਹੀਂ ਕਰ ਲਿਆ, ਉਨਾ ਚਿਰ ਬੜੀ ਬੇਚੈਨੀ ਲੱਗੀ ਰਹੀ ਸੀ। ਉਸਦਾ ਅਕੀਦਾ ਸੀ ਕਿ ਸਿੱਖੀ ਨੂੰ ਖ਼ਤਮ ਕੀਤੇ ਤੋਂ ਬਿਨਾਂ ਇਸਲਾਮ ਦੀ ਤਜਦੀਦ ਅਰਥਾਤ ਨਵੀਨ-ਕਰਨ ਤੇ ਇਸਲਾਮੀ ਦੀਨ ਦੀਆਂ ਲੀਹਾਂ ਤੇ ਏਕਾ-ਕੇਂਦ੍ਰਿਤ ਸਮਾਜ ਦੀ ਹਿੰਦੁਸਤਾਨ ਵਿਚ ਉਸਾਰੀ ਬਿਲਕੁਲ ਅਸੰਭਵ ਹੈ।

ਇਸਲਾਮ ਦੇ ਵਾਧੇ ਲਈ ਨਕਸ਼ਬੰਦੀ ਫ਼ਿਰਕੇ ਦਾ ਖ਼ੌਫ਼ਨਾਕ ਰੁਝਾਨ ਵੀ ਵਰਨਣਯੋਗ ਹੈ—(੧) ਇਹ ਲੋਕ ਜਨਤਾ ਵਿਚ ਸਿੱਧਾ ਪ੍ਰਚਾਰ ਕਰਨ ਦੀ ਥਾਂ ਸਮੇਂ ਦੇ ਬਾਦਸ਼ਾਹ ਤੇ ਹਕੂਮਤੀ ਮਸ਼ੀਨਰੀ ਉਤੇ ਅਸਰ ਰਸੂਖ਼ ਹਾਸਿਲ ਕਰ ਕੇ ਰਾਜ-ਸੱਤਾ ਨੂੰ ਇਸਲਾਮ ਦੇ ਵਾਧੇ ਤੇ ਸ਼ਰਆ ਨੂੰ ਸਭ ਤੋਂ ਉੱਚਾ ਸਾਬਤ ਕਰਨ ਕਰਨ ਵਿਚ ਵਰਤਦੇ ਸਨ। (੨) ਇਹ ਇਸ ਮੁਹੰਮਦੀ ਸ਼ਰਆ ਨੂੰ ਈਸ਼ਵਰ ਭਗਤੀ, ਉਸ ਦੇ ਨਾਲ ਮਿਲਾਪ ਦਾ ਸਰਵ-ਉਤਮ ਤੇ ਇਕੋ ਇਕ ਮਾਰਗ ਮੰਨਦੇ ਸਨ। (੩) ਰਾਜ-ਸੱਤਾ ਨੂੰ ਲੋਕ-ਭਲਾਈ ਦੀ ਥਾਂ ਇਸਲਾਮ ਦੀ ਲਾਭ-ਕਾਰੀ ਲਈ, ਅੰਧਾ-ਧੁੰਦ ਤੇ ਸਭ ਅਦਲ ਇਨਸਾਫ਼ ਨੂੰ ਪਿਛੇ ਸੁਟ ਕੇ ਵਰਤਣਾ ਤੇ ਗ਼ੈਰ-ਮੁਸਲਮਾਨਾਂ ਨੂੰ ਨਰਕ ਵਰਗੀ ਜ਼ਿੰਦਗੀ ਭੋਗਣ ਲਈ ਮਜਬੂਰ ਕਰਵਾਉਣਾ ਯੋਗ ਸਮਝਦੇ ਸਨ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਿਖ ਧਰਮ ਦੇ ਤਵਾਰੀਖ਼ੀ ਵਿਕਾਸ ਦੀ ਇਸਲਾਮੀ ਹਕੂਮਤ ਨਾਲ ਬੜੀ ਭਿਆਨਕ ਤਾਰੀਖ਼ੀ ਟੱਕਰ ਅਰੰਭ ਹੋ ਗਈ। ਇਹ ਓਨਾ ਚਿਰ ਬੜੇ ਜ਼ੋਰਾਂ ਤੇ ਚਲਦੀ ਰਹੀ ਜਿੰਨਾ ਚਿਰ ਇਕ ਧਿਰ ਦਾ ਖ਼ਾਤਮਾ ਨਹੀਂ ਹੋ ਗਿਆ। ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰ ਦਿਤਾ ਗਿਆ, ਪਰ ਯਾਦ ਰਹੇ ਕਿ ਇਹ ਖ਼ੂਨ ਆਲ੍ਹਾ ਨਹੀਂ ਗਿਆ। ਇਹ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਦੇ ਰੂਪ ਵਿਚ ਪਰਗਟ ਹੋਇਆ। ਮੁਗ਼ਲ ਹਕੂਮਤ ਨੂੰ ਇਨ੍ਹਾਂ ਤਲਵਾਰਾਂ ਦੀ ਕਾਟ ਸਹਿਣੀ ਪਈ ਅਤੇ ਇਸਲਾਮੀ ਏਕਾ-ਕੇਂਦ੍ਰਿਤ ਸਮਾਜ ਨਹੀਂ ਬਣ ਸਕਿਆ, ਜਿਸ ਲਈ ਔਰੰਗਜ਼ੇਬ ਨੇ ਵੀ ਆਪਣਾ ਸਾਰਾ ਤਾਣ ਲਾ ਲਿਆ।

ਜਹਾਂਗੀਰ ਦੇ ਤਖ਼ਤ ਉਤੇ ਬੈਠਣ ਤੋਂ ਫ਼ੌਰਨ ਬਾਅਦ ਮੁਜੱਦਦ ਨੇ, ਜੋ ਚਿੱਠੀ ਜਹਾਂਗੀਰ ਕੁਲੀ ਖ਼ਾਨ ਉਰਫ਼ ਲੱਲਾ ਬੇਗ (ਚਾਰ-ਹਜ਼ਾਰੀ) ਨੂੰ ਲਿਖੀ, ਉਸ ਵਿਚ ਉਹ ਉਸ ਨੂੰ ਜ਼ਰੂਰੀ ਨਸੀਹਤ ਕਰਦਾ ਹੈ—"ਜੇ ਬਾਦਸ਼ਾਹ (ਜਹਾਂਗੀਰ) ਦੇ ਤਖ਼ਤ ਉਤੇ ਬੈਠਦਿਆਂ ਸਾਰ ਹੀ ਇਸਲਾਮ ਦੇ ਪੈਰ ਹਿੰਦੁਸਤਾਨ ਦੀ ਧਰਤੀ ਤੇ ਮਜ਼ਬੂਤੀ ਨਾਲ ਜੰਮ ਗਏ ਤੇ ਮੁਸਲਮਾਨਾਂ ਦਾ ਰੁਅਬ ਦਬਦਬਾ ਦੂਜਿਆਂ (ਹਿੰਦੂਆਂ) ਤੇ ਬੈਠ ਗਿਆ ਤਾਂ ਬਹੁਤ ਖ਼ੂਬ, ਪਰ ਜੇ ਕੋਈ ਢਿਲ ਜਾਂ ਊਣਤਾਈ ਰਹਿ ਗਈ ਤਾਂ ਸਮਝ ਲੈਣਾ ਅੱਗੇ ਚਲ ਕੇ ਬੇਹਦ ਔਖਿਆਈ ਹੋਵੇਗੀ।',

ਮੁਰਤਜ਼ਾ ਖ਼ਾਨ ਨੂੰ ਲਿਖੇ ਖ਼ਤ ਵਿਚ ਉਸ ਨੂੰ ਤੁਖਣਾ ਦੇਂਦਾ ਹੈ—"ਹੁਣ ਐਸ ਵਕਤ ਜਦ ਬਾਦਸ਼ਾਹ ਦੀ ਕਾਫ਼ਰਾਂ ਨਾਲ ਕਿਸੇ ਵੀ ਕਿਸਮ ਦੀ ਹਮਦਰਦੀ ਨਹੀਂ ਰਹੀ, ਤਾਂ ਮੁਸਲਮਾਨਾਂ ਲਈ ਗ਼ੈਰ-ਇਸਲਾਮੀ ਤੌਰ-ਤਰੀਕੇ, ਰਿਵਾਜ ਤੇ ਰਸਮਾਂ ਅਤੇ ਵਿਚਾਰ, ਜਿਹੜੇ ਅੱਜ ਤੱਕ ਪ੍ਰਚਲਤ ਹੋ ਚੁਕੇ ਹਨ, ਬਰਦਾਸ਼ਤ ਕਰਨਾ ਬੜਾ ਔਖਾ ਹੈ।"

ਉਤਲੀ ਪਹਿਲੀ ਚਿੱਠੀ ਜਿਸ ਸ਼ਾਹੀ ਅਮੀਰ ਨੂੰ ਲਿਖੀ ਹੈ, ਇਹ ਉਹੋ ਹੀ ਲੱਲਾ ਬੇਗ ਹੈ ਜੋ ਸ਼ਾਹ ਜਹਾਨ ਦੇ ਸਮੇਂ ਉਸ ਦੀਆਂ ਫ਼ੌਜਾਂ ਦਾ ਵੱਡਾ ਅਫ਼ਸਰ ਸੀ। ਮੁਜੱਦਦ ਨੇ ਇਸ ਨੂੰ ਤੁਅਸਬ ਦੀ ਚੰਗੀ ਪਾਣ ਚਾੜ੍ਹੀ ਹੋਈ ਸੀ ਤੇ ਇਹ ਆਪਣੇ ਮੁਰਸ਼ਦ ਵਾਂਗ ਗੁਰੂ ਘਰ ਦਾ ਬਦਾ-ਤਰੀਨ ਕਿਸਮ ਦਾ ਦੁਸ਼ਮਣ ਸੀ। ੧੬੩੧ ਈ: ਵਿਚ ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਉਤੇ ੬ ਹਜ਼ਾਰ ਘੋੜ-ਸਵਾਰਾਂ ਨਾਲ ਅਚਨਚੇਤ ਹਮਲਾ ਕਰ ਦਿਤਾ, ਜਦ ਉਹ ਥੋੜੇ ਜਿਹੇ ਸਿਖ ਯੋਧਿਆਂ ਨਾਲ ਗੁਰੂਸਰ ਨਥਾਣੇ ਕੋਲ ਠਹਿਰੇ ਹੋਏ ਸਨ। ਇਸ ਦਾ ਮਨੋਰਥ ਗੁਰੂ ਸਾਹਿਬ ਨੂੰ ਮਾਰ ਕੇ ਸਿਖ ਧਰਮ ਦਾ ਵਿਨਾਸ਼ ਕਰਨਾ ਸੀ। ਇਸ ਲੜਾਈ ਦਾ ਕੋਈ ਕਾਰਨ ਜਾਂ ਸਬੱਬ ਨਹੀਂ


www.AKJ.Org

ਸੀ, ਸਿਰਫ ਆਪਣੇ ਮੁਤਜ਼ਦ ਦੇ ਨਿਸ਼ਾਨੇ ਦੀ ਪੂਰਤੀ, ਅਰਥਾਤ, ਗੁਰੂ ਘਰ ਤੇ ਸਿੱਖੀ ਦਾ ਖੁਰਾ ਖੋਜ ਮਿਟਾ ਦੇਣਾ ਸੀ। ਪਰ ਸਿਖ ਸੂਰਮਿਆਂ ਆਉਂਦੇ ਨੂੰ ਤੇਗੀਂ ਤੋਲ ਦਿਤਾ। ਆਪ ਆਪਣੇ ਉਘੇ ਸਰਦਾਰਾਂ, ਕਮਰ ਬੇਗ, ਸ਼ਮਸ ਬੇਗ ਤੇ ੨੫੦੦ ਸਵਾਰਾਂ ਸਮੇਤ ਮਾਰਿਆ ਗਿਆ।

ਜਹਾਂਗੀਰ ਨੇ ਤੁਅਸਬ-ਵੱਸ ਹੋ ਕੇ ਗੈਰ ਮੁਸਲਮਾਨਾਂ ਉਤੇ ਜੋ ਜ਼ੁਲਮ ਤੇ ਵਧੀਕੀਆਂ ਕੀਤੀਆਂ, ਇਹ ਸਭ ਖ਼ੂਨ-ਰੇਜ਼ੀ ਮੁਜੱਦਦ ਨੇ ਹੀ ਉਸ ਦੇ ਵਿਚਾਰਾਂ ਵਿਚ ਇਸਲਾਮੀ ਕਟੜ-ਪੁਣੇ ਦਾ ਜ਼ਹਿਰ ਭਰ ਕੇ ਕਰਵਾਈ। ਸ਼ਾਹ ਜਹਾਨ ਸਮੇਂ ਜੋ ਲੜਾਈਆਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਈਆਂ, ਉਨ੍ਹਾਂ ਪਿਛੇ ਵੀ ਮੁਜੱਦਦ ਦੇ ਵਿਚਾਰ ਹੀ ਕੰਮ ਕਰਦੇ ਸਨ। ਔਰੰਗਜ਼ੇਬ ਦੇ ਕਟੜ ਇਸਲਾਮੀ ਵਿਚਾਰਾਂ ਦਾ ਅੰਤ ਸੋਮਾ ਇਹ ਸ਼ੇਖ ਸਰਹਿੰਦੀ ਮੁਜੱਦਦ ਅਲਫ਼ ਸਾਨੀ ਹੀ ਸੀ। **[ਚਲਦਾ]**

(ਇਹ ਆਖ਼ਰੀ ਕਿਸ਼ਤ ਸੀ, ਪਰ ਥਾਂ ਦੀ ਥੁੜ ਕਰਕੇ ਐਤਕੀ ਸਾਰੀ ਨਹੀਂ ਦਿਤੀ ਜਾ ਸਕੀ। ਬਾਕੀ ਆਉਂਦੇ 'ਸੂਰਾ' ਵਿਚ)

## ਹਵਾਲੇ ਤੇ ਫੁਟ ਨੋਟ

੧–ਰੱਬੀ ਆਵਾਜ਼ ਸ਼ੇਖ ਸਾਹਿਬ ਨੇ ਕਿਵੇਂ ਤੇ ਕਿਥੇ ਸੁਣੀ, ਉਸਨੇ ਇਸਦੀ ਵਜ਼ਾਹਤ ਨਹੀਂ ਕੀਤੀ। ਮੁਜੱਦਦ ਲਈ ਅਲਫ਼ ਸਾਨੀ ਦਾ ਨਿਯੁਕਤੀ ਪੱਤਰ ਉਸ ਪਾਸ ਕਿਵੇਂ ਪਹੁੰਚਿਆ, ਕੌਣ ਲੈ ਕੇ ਆਇਆ, ਸ਼ੇਖ ਜੀ ਨੇ ਕਿਸੇ ਨੂੰ ਇਹ ਭੇਤ ਦਸਣ ਦੀ ਖੇਚਲ ਨਹੀਂ ਕੀਤੀ। ਕੁਝ ਸਮਕਾਲੀ ਮੁਸਲਮਾਨ ਵਿਦਵਾਨਾਂ ਨੇ ਬੜਾ ਰੌਲਾ ਪਾਇਆ ਸੀ ਕਿ ਇਹ ਸ਼ਖ਼ਸ ਬੇ-ਬੁਨਿਆਦ ਦਾਅਵੇ ਉਛਾਲ ਰਿਹਾ ਹੈ, ਇਸਲਾਮੀ ਇਸ ਤੋਂ ਸੁਚੇਤ ਰਹਿਣ। ਹੁਣ ਸਮਾਂ ਜਹਾਂਗੀਰ ਦੀ ਬਾਦਸ਼ਾਹੀ ਦਾ ਸੀ। ਉਸਦੇ ਬਹੁਤ ਸਾਰੇ ਦਰਬਾਰੀ ਤੇ ਸਿਰਕੱਢ ਫ਼ੌਜੀ ਅਫ਼ਸਰ ਸ਼ੇਖ ਦੇ ਪ੍ਰਭਾਵ ਥਲੇ ਆ ਚੁਕੇ ਸਨ, ਉਨ੍ਹਾਂ ਦੇ ਤਪ-ਤੇਜ ਸਦਕਾ ਮੁਜੱਦਦ ਨੂੰ ਕਿਸੇ ਹੱਥ ਨਾ ਪਾਇਆ। ਸੋ ਅਲਫ਼ ਸਾਨੀ ਦਾ ਦਾਅਵਾ ਭਾਵੇਂ ਝੂਠਾ ਜਾਂ ਸਚਾ ਸੀ, ਚੱਲ ਗਿਆ ਤੇ ਇਸ ਦੇ ਪਿਛੋਂ ਬੜੇ ਭਿਆਨਕ ਸਿੱਟੇ ਨਿਕਲੇ।

੨–ਇਹ ਮਿਲ ਚੁਕੀਆਂ ਚਿੱਠੀਆਂ ਮਕਤੂਬਾਤਿ-ਇਮਾਮਿ-ਰੱਬਾਨੀ ਨਾਂ ਦੀ ਪੁਸਤਕ ਦੇ ਰੂਪ ਵਿਚ ਤਿੰਨਾਂ ਜਿਲਦਾਂ ਵਿਚ ਬਹੁਤ ਅਰਸਾ ਹੋਇਆ ਛਪ ਚੁਕੀਆਂ ਹਨ। ਅੱਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਇਹ ਕਿਤਾਬ (ਤਿੰਨਾਂ ਜਿਲਦਾਂ ਵਿਚ)ਅਹਿਮਦੀ ਲਿਥੋ ਪ੍ਰੈਸ ਦਿੱਲੀ ਨੇ ਛਾਪੀ ਸੀ। ਫਿਰ ਨੂਰ ਕੰਪਨੀ ਲਾਹੌਰ ਨੇ ੧੯੨੨ ਵਿਚ ਇਹ ਤਿੰਨੇ ਜਿਲਦਾਂ ਛਾਪੀਆਂ। ਇਹ ਕੁਲ ੫੩੪ ਚਿਠੀਆਂ ਹਨ ਤੇ ਵਖ ਵਖ ੨੦੦ ਸ਼ਰਧਾਲੂਆਂ ਨੂੰ ਲਿਖੀਆਂ ਹਨ।

੩–ਵੇਖੋ Du Jarric (ਡਿਯੂ ਜੈਰਿਕ) Father Pierre ਫ਼ਾਦਰ ਪੀਅਰ–ਅਕਬਰ ਐਂਡ ਦੀ ਜੇਸੂਇਸਟ (Akbar and the Jessuits), ਸਫ਼ਾ ੨੦੪. ਸਾਚੀ ਸਾਖੀ ਦੇ ਸਫ਼ਾ ੩੩ ਉਤੇ ਦਿਤਾ ਗਿਆ ਹਵਾਲਾ। ਕਰਤਾ ਦੇ ਸ਼ਬਦ ਇਹ ਹਨ–"ਗਲ ਬਾਤ ਤੈਅ ਕਰ ਕੇ ਦਰਬਾਰੀ ਉਮਰਾਵਾਂ ਵਿਚੋਂ ਸਭ ਤੋਂ ਉਘਾ ਤੇ ਸਿਰਕਢ ਅਮੀਰ (ਸ਼ੇਖ ਫ਼ਰੀਦ–ਮੁਰਤਜ਼ਾ ਖਾਨ) ਉਨ੍ਹਾਂ ਦਾ ਨੁਮਾਇੰਦਾ ਬਣ ਕੇ ਸ਼ਹਿਜ਼ਾਦੇ ਸਲੀਮ ਪਾਸ ਆਇਆ ਤੇ ਉਨ੍ਹਾਂ ਉਮਰਾਵਾਂ ਵਲੋਂ ਵਾਹਿਦਾ ਕੀਤਾ ਕਿ ਰਾਜ ਸੱਤਾ ਦੀ ਵਾਗ ਡੋਰ ਤੇਰੇ ਹੱਥ ਦੇ ਦੇਂਦੇ ਹਾਂ, ਜੇ ਤੂੰ ਪ੍ਰਣ ਦੇਵੇਂ ਕਿ ਬਾਦਸ਼ਾਹ ਬਣ ਕੇ ਮੁਹੰਮਦੀ ਸ਼ਰਆ ਦੀ ਹਿਫਾਜ਼ਤ ਕਰੇਂਗਾ ਤੇ ਇਸ ਅਨੁਸਾਰ ਰਾਜ ਚਲਾਵੇਂਗਾ।"

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਅਨੰਦ ਕਾਰਜ ਸਮਾਗਮ

ਮਿਤੀ 27-11-93 ਬਲਬੀਰ ਕੌਰ ਪੁਤਰੀ ਭਾ. ਜਸਵੰਤ ਸਿੰਘ ਦਾ ਅਨੰਦ ਕਾਰਜ ਜਤਿੰਦਰ ਸਿੰਘ ਪੁਤਰ ਸ. ਦੇਵ ਸਿੰਘ, ਗੁ: ਸ੍ਰੀ ਗੁਰੂ ਸਿੰਘ ਸਭਾ ਸੀਹੀ-ਵੇ ਵੈਕਸਹੈਮ ਰੋਡ ਸਲੋਅ ਵਿਖੇ।

ਫੋਨ ਗੁਰਦਵਾਰਾ 0753-526826, 0753-531826, ਭਾ. ਜਸਵੰਤ ਸਿੰਘ ਸਲੋਅ 0753-572737

**ਯੂ. ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਵਾਉਣ ਲਈ ਪਤਾ (ਫੋਨ 0734-267900)**

*Bhai Gurnam Singh, 10-Lambourne Gardens, Earley, Reading, Berk U. K.*

www.AKJ.Org

# ਗੁਰੂ ਨਾਨਕ ਦੇ ਉਪਕਾਰ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਗੁੜਗਾਉਂ]

ਗੁਰੂ ਨਾਨਕ ਤੇਰੇ ਉਪਕਾਰਾਂ ਦਾ, ਗਿਣਨਾ ਅਸਾਨ ਨਹੀਂ।
ਅਹਿਸਾਨ ਤੇਰੇ ਜੋ ਭੁੱਲ ਜਾਵੇ, ਉਹ ਜਗ ਦੇ ਵਿਚ ਇਨਸਾਨ ਨਹੀਂ।
ਹਰ ਮਨੁੱਖ ਨੂੰ ਰੋਗੀ ਤਕ ਕੇ, ਬੁਝਿਆ ਵੈਦ ਸਿਆਣੇ ਵਾਂਗ;
ਭਾਰਤ ਦੀ ਜਨਤਾ ਦੇ ਅੰਦਰ ਰਹੀ ਜਿੰਦ ਤੇ ਜਾਨ ਨਹੀਂ।
ਸੁਰਤਾਂ ਸੁਤੀਆਂ ਤਾਈਂ ਜਗਾਵਣ ਲਈ ਉਦਮ ਅਰੰਭਿਆ ਤੂੰ,
ਹਿਰਦਾ ਨਿਰਮਲ ਕੀਤੇ ਬਿਨ, ਤੂੰ ਕਿਹਾ ਹੋਊ ਕਲਿਆਣ ਨਹੀਂ।
ਸੱਚ ਦੀ ਟੇਕ, ਭਰੋਸਾ ਰੱਬ ਤੇ, ਮਨ ਸੰਤੋਖ ਪੰਧਾਊ ਦੇ,
ਜੇ ਕਰ ਨਹੀਂ ਤਾਂ ਉਸ ਰਾਹੀ ਨੂੰ ਪੈਂਡੇ ਦਾ ਵੀ ਗਿਆਨ ਨਹੀਂ।
ਕਿਰਤ ਕਮਾਈ ਹਥੀਂ ਕਰ ਕੇ ਵੰਡ ਛਕਣਾ ਹੈ ਵੱਡਾ ਦਾਨ;
ਕਰ ਕੇ ਜ਼ੁਲਮ ਇਕੱਠਾ ਕੀਤਾ ਵੰਡਿਆ ਵੀ ਪਰਵਾਨ ਨਹੀਂ।
ਕਰ ਕਰ ਤਪ, ਹਠ, ਯੋਗ ਸਾਧਨਾ, ਮੁਕਤੀ ਮਿਲੇ ਅਸੰਭਵ ਹੈ;
ਰੀਝੇ ਕਿਵੇਂ ਚਿੰਨ੍ਹ ਚਕਰਾਂ ਤੇ, ਭੋਲਾ ਉਹ ਭਗਵਾਨ ਨਹੀਂ।
ਪਾਤਾਲਾਂ ਪਾਤਾਲ ਲਖਾਂ ਅਕਾਸ਼ ਤੇਰੀਆਂ ਨਜ਼ਰਾਂ ਵਿਚ;
ਤੇਰੀ ਪਹੁੰਚ ਤੀਕ ਪੁਜ ਸਕਦਾ ਅਜ ਦਾ ਇਹ ਵਿਗਿਆਨ ਨਹੀਂ।
ਮਾਨਵ ਪਿਆਰ, ਗੰਗਧਾਰ ਲੈ ਆਇਓਂ ਭਾਰਤ ਭੂਮੀ ਤੇ,
ਹਸ਼ਰ ਤੀਕ ਵੀ ਤੇਰਾ ਰਿਣ ਲਾਹ ਸਕਦਾ ਹਿੰਦੁਸਤਾਨ ਨਹੀਂ।

---

# ਪੰਥ ਦਰਦੀਓ ! ਕੁਝ ਕਰੋ

ਐ ਨੌਜਵਾਨ ! ਕੇਸ ਗੁਰੂ ਦੀ ਮੋਹਰ ਹਨ। ਸਿਰ ਦਾ ਤਾਜ ਹਨ। ਇਨ੍ਹਾਂ ਦਾ ਭੰਨਣਾ (ਕਤਲ ਕਰਨਾ) ਬੇ-ਧਰਮੀਆਂ ਦਾ ਕੰਮ ਹੈ। ਸਿੱਖ ਦੀ ਸਰਦਾਰੀ 'ਸਾਬਤਿ ਸੂਰਤ' ਨਾਲ ਹੀ ਹੈ। ਪੁਰਾਤਨ ਸਮੇਂ ਦੇ ਸਿੰਘਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ, ਜਿਸ ਸੰਬੰਧੀ ਅਸੀਂ ਆਪਣੀ ਨਿੱਤ ਦੀ ਅਰਦਾਸ ਵਿਚ ਕ੍ਰਿਤੱਗਤਾ ਪ੍ਰਗਟ ਕਰਦੇ ਹਾਂ। ਪਰ ਅੱਜ ਇਸ ਦੇ ਉਲਟ ਸਿੱਖ ਨੌਜਵਾਨਾਂ ਵਿਚ ਕੇਸ ਕਟਾਉਣਾ ਫ਼ੈਸ਼ਨ ਬਣ ਰਿਹਾ ਹੈ। ਉਹ ਗ਼ੈਰ-ਸਿੱਖਾਂ ਦੀ ਭੈੜੀ ਵਾਦੀ ਵਿਚ ਫਸਦਾ ਜਾ ਰਿਹਾ ਹੈ। ਇਹ ਫ਼ੈਸ਼ਨ ਹੁਣ ਸਿਰਫ਼ ਵਿਦਿਅਕ ਸੰਸਥਾਵਾਂ ਤੱਕ ਹੀ ਸੀਮਿਤ ਨਹੀਂ ਰਿਹਾ, ਸਗੋਂ ਪਿੰਡਾਂ ਵਿਚ ਵੀ ਪਹੁੰਚ ਰਿਹਾ ਹੈ। ਕੇਸ ਸਿੱਖ ਦੀ ਸ਼ਾਨ ਹਨ, ਸਿੱਖ ਸਰਦਾਰ ਦਾ ਤਾਜ ਹਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਸਾਨੂੰ ਬਖਸ਼ਿਆ। ਪਰ ਅੱਜ ਸਿੱਖ ਨੌਜਵਾਨ ਇਨ੍ਹਾਂ ਕੂੜ ਫ਼ੈਸ਼ਨਾਂ ਮਗਰ ਲੱਗ ਕੇ ਆਪਣੇ ਸਿਰ ਦੇ ਇਸ ਤਾਜ ਨੂੰ ਆਪ ਹੀ ਲਾਹ ਕੇ ਧਰਤੀ ਤੇ ਸੁੱਟ ਰਿਹਾ ਹੈ।

ਐ ਧਾਰਮਿਕ ਆਗੂਓ ! ਪੰਥ ਦਰਦੀਓ !! ਸਿੱਖ ਨੌਜਵਾਨਾਂ ਦੇ ਪਤਿਤ ਹੋਣ ਦੀ ਇਸ ਚਲਦੀ ਰੌਅ ਨੂੰ ਰੋਕਣ ਲਈ ਕੁਝ ਕਰੋ।

[ਸ: ਜਗਤਾਰ ਸਿੰਘ C.I.L. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

---

**ਅਮ੍ਰੀਕਾ, ਸਨਫਰਾਂਸਿਸਕੋ ਵਿਖੇ ਨਿਰੰਕਾਰੀ ਪ੍ਰਕਾਸ਼ ਉਤਸ਼ਵ ਸਮੇਂ ਅਖੰਡ ਕੀਰਤਨ ਤੇ ਰੈਣ ਸਬਾਈ ਸਮਾਗਮ**

25 ਤੋਂ 28 ਨਵੰਬਰ, ਅਮਰੀਕਾ, ਕੈਨੇਡਾ ਤੇ ਹੋਰ ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਪੁੱਜ ਰਹੇ ਹਨ।
ਪੁੱਛ ਗਿੱਛ—(510) 429-8225 ਅਤੇ (510) 223-7560



www.AKJ.Org

## ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ੨੫੦-੦੦ਗੁਪਤ ਸੇਵਾ ਲੁਧਿਆਣਾ | ੧੫੦-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੫੦੦-੦੦ |
| ਕਾਕਾ ਤਨਵੀਰ ਸਿੰਘ ਲੁਧਿਆਣਾ | ੧੦੧-੦੦ | ਸ: ਹਰਜੀਤ ਸਿੰਘ ਨਵੀਂ ਦਿਲੀ | ੫੦੦-੦੦ |
| ਸ: ਗੁਰਚਰਨ ਸਿੰਘ ਵਾਰਾਨਸੀ | ੩੦੦-੦੦ | ਸ: ਵਧਾਇਆ ਸਿੰਘ ਅਹਿਮਦਾਬਾਦ | ੧੧੦੦-੦੦ |
| ਸ. ਅੰਮ੍ਰਿਤਪਾਲ ਸਿੰਘ ਨਵੀਂ ਦਿਲੀ | ੨੫੦-੦੦ | ਗੁਪਤ ਸੇਵਾ ਬਠਿੰਡਾ ੧੦੦੦-੦੦ ਗੁਪਤ ਸੇਵਾ | ੧੦੦੦-੦੦ |
| ਬੀਬੀ ਰਣਧੀਰ ਕੌਰ ਨਵੀਂ ਦਿਲੀ | ੨੫੦-੦੦ | ਸ: ਪਰਤਾਪ ਸਿੰਘ ਨਵੀਂ ਦਿਲੀ | ੨੫੦-੦੦ |
| ਸ: ਜਤਿੰਦਰਪਾਲ ਸਿੰਘ ਨਵੀਂ ਦਿਲੀ | ੨੫੦-੦੦ | ਡਾ: ਕੰਵਲਰਾਜ ਸਿੰਘ ਨਵੀਂ ਦਿਲੀ | ੨੫੦-੦੦ |
| ਬੀਬੀ ਸੁਰਜੀਤ ਕੌਰ ਨਵੀਂ ਦਿਲੀ | ੨੫੦-੦੦ | ਗੁਪਤ ਸੇਵਾ ਅਹਿਮਦਾਬਾਦ | ੪੦੦੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ | ਸ. ਇੰਦਰਜੀਤ ਸਿੰਘ ਜੈਪੁਰ | ੫੦੦-੦੦ |
| *DNE* ਅਵਤਾਰ ਸਿੰਘ *c/o 99APO* | ੧੦੦-੦੦ | ਗੁਪਤ ਸੇਵਾ ਲੁਧਿਆਣਾ ੧੦੦-੦੦, ਗੁਪਤ ਸੇਵਾ | ੨੧੦੦-੦੦ |
| ਸ੍ਰੀ ਸ਼ਿਆਮ ਸੁੰਦਰ ਜਬਲਪੁਰ | ੨੦੫-੦੦ | ਸ. ਦਲੀਪ ਸਿੰਘ ਦਿਲੀ | ੫੦੦-੦੦ |
| ਡਾ. ਜਗਜੀਤ ਸਿੰਘ | ੧੨੫-੦੦ | ਸ. ਅਤਰ ਸਿੰਘ ਕਬੂਰੀਆ ਦਿਲੀ | |
| ਭਾਈ ਹਰਜੀਤ ਸਿੰਘ | ੧੨੨-੮੦ | (ਮਾਤਾ ਜੀ ਦੀ ਯਾਦ ਵਿਚ) | ੨੫੧-੦੦ |
| ਭਾਈ ਕੰਵਲਜੀਤ ਸਿੰਘ | ੨੦੦-੦੦ | ਸ੍ਰੀ ਹਰਿਨਾਮ ਦਾਸ ਬਰੇਲੀ | ੧੦੦-੦੦ |

## ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਰਣਜੀਤ ਸਿੰਘ ਤਰਸਿਕਾ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਗੁਰਮੀਤ ਕੌਰ ਪਤਨੀ ਭਾਈ ਮਹਿਲ ਸਿੰਘ ਦਾਸੂਵਾਲ—ਬਚਿਆਂ ਦੀ ਪੜ੍ਹਾਈ ਲਈ | ੫੦੦੦-੦੦ |
| ਬੀ: ਜਸਬੀਰ ਕੌਰ ਪੁਤਰੀ ਸ: ਹਰੀ ਸਿੰਘ ਸੁਲਤਾਨਵਿੰਡ—ਪਿਤਾ ਸਰੀਰਕ ਤੌਰ ਤੇ ਨਕਾਰਾ, ਘਰੇਲੂ ਲੋੜਾਂ | ੫੦੦੦-੦੦ |
| ਬੀ: ਮਹਿੰਦਰ ਕੌਰ ਪਤਨੀ ਸ: ਗਜਨ ਸਿੰਘ ਘਨੂਪੁਰ ਕਾਲੇ—ਪਤੀ ਸਰੀਰਕ ਤੌਰ ਤੇ ਨਕਾਰਾ | ੫੦੦੦-੦੦ |
| ਸ: ਜੁਗਿੰਦਰ ਸਿੰਘ ਪੁਤਰ ਸ: ਸਰਵਨ ਸਿੰਘ ਛੇਹਰਟਾ—ਇਕ ਲੱਤ ਖਰਾਬ, ਇਲਾਜ ਲਈ | ੬੫੦੦-੦੦ |
| ਸ: ਬੰਤਾ ਸਿੰਘ ਜਲੂਪੁਰ ਖੇੜਾ—ਪੁਤਰ ਜੇਲ੍ਹ ਵਿਚ, ਘਰੇਲੂ ਲੋੜਾਂ | ੫੦੦੦-੦੦ |
| ਸ: ਜਗੀਰ ਸਿੰਘ ਪੁਤਰ ਸ. ਰਾਮ ਸਿੰਘ ਅੰਮ੍ਰਿਤਸਰ—ਪੁਤਰੀ ਦੀ ਸ਼ਾਦੀ ਲਈ | ੫੦੦੦-੦੦ |
| ਸ. ਹਰਬੰਸ ਸਿੰਘ ਪਿਤਾ ਸ਼ਹੀਦ ਹਰਪਿੰਦਰ ਸਿੰਘ ਢੋਡੀ—ਸ਼ਹੀਦ ਦੀਆਂ ਬਚੀਆਂ ਦੀ ਸ਼ਾਦੀ | ੫੦੦੦-੦੦ |

## ਹੜ੍ਹ ਪੀੜਤਾਂ ਨੂੰ ਸਹਾਇਤਾ

ਇਲਾਕਾ ਕਪੂਰਥਲਾ ਵਿਚ ਹੜ੍ਹਾਂ ਨੇ ਬਹੁਤ ਤਬਾਹੀ ਕੀਤੀ ਸੀ । ਇਸ ਇਲਾਕੇ ਦਾ ਸਰਵੇ ਕਰਦਿਆਂ ਬਹੁਤ ਸਮਾਂ ਲਗ ਗਿਆ । ਭਾ. ਸਾਧੂ ਸਿੰਘ ਜੀ ਨੇ ਪਿੰਡ ਪਿੰਡ ਜਾ ਕੇ ਬਹੁਤ ਮਿਹਨਤ ਨਾਲ ਹੜ੍ਹ ਪੀੜਤਾਂ ਦੀ ਲਿਸਟ ਤਿਆਰ ਕੀਤੀ ਹੈ ਜੋ ਕਿ ਸਾਡੇ ਪਾਸ ਪੁਜ ਗਈ ਹੈ । ਮਹੀਨੇ ਦਾ ਅਖੀਰ ਤੇ ਨਵੰਬਰ ਪਰਚੇ ਦੇ ਰੁਝੇਵਿਆਂ ਕਰਕੇ ਅਸੀਂ ਸਹਾਇਤਾ ਵੰਡਣ ਵਾਸਤੇ 4 ਨਵੰਬਰ ਦਾ ਦਿਨ ਮਿਥਿਆ ਹੈ । ਇਸ ਲਿਸਟ ਵਿਚ ਨਵਾਂ ਪਿੰਡ ਭਠੇ, ਮੰਡ ਝੰਡੂ, ਤਲਵੰਡੀ ਕੂਕਾ, ਪਿੰਡ ਦੇਸਲਾ, ਬੀਜਾ, ਡੋਗਰਾਂ ਵਾਲਾ ਹਮੀਰਾ, ਬੂਟਾਂ, ਮੰਡ ਕੂਲਾ, ਨੰਗਲ ਲੁਬਾਣਾ, ਸਿਧਵਾਂ ਡੋਨਾ, ਢੁਡੀਆਂ, ਲਖਣ ਕਲਾਂ ਅਦਬੀ, ਮਿਆਣੀ ਖੰਨਾ, ਮੰਡ ਰਾਮਪੁਰ ਰਾਈਆਂ, ਕਿਸ਼ਨ ਸਿੰਘ ਵਾਲਾ, ਨੂਰਪੁਰ ਦੋਨਾ, ਮੰਡ ਚਕੋ ਕੀ ਬੰਧਤਪੁਰ, ਨਵਾਂ ਪਿੰਡ, ਮੰਡ ਭੀਬਵਾਲ, ਮੰਡ ਬਤਾਲਾ, ਮੁਗਲ ਚਕ, ਧਾਰੀਵਾਲ ਅਤੇ ਕਪੂਰਥਲਾ ਸ਼ਹਿਰ ਦੇ ਦੋ ਕੁ ਸੌ ਪਰਵਾਰਾਂ ਨੂੰ ਸਹਾਇਤਾ ਵੰਡੀ ਜਾਏਗੀ । ਰਕਮ ਦਾ ਵੇਰਵਾ ਅਗਲੇ ਪਰਚੇ ਵਿਚ ਦਿਆਂਗੇ ।

ਨੋਟ : ਇਲਾਕਾ ਪਟਿਆਲਾ ਦੀਆਂ ਲਿਸਟਾਂ ਤਿਆਰ ਹੋ ਰਹੀਆਂ ਹਨ । ਅਗਲੇ ਮਹੀਨੇ ਉਹ ਵੇਰਵਾ ਭੀ ਛਪੇਗਾ ਜੀ ।

www.AKJ.Org



## ਸਦੀਵੀ ਵਿਛੋੜਾ

ਸਰਦਾਰਨੀ ਸਵਰਨ ਕੌਰ ਸੁਪਤਨੀ ਸ: ਨਿਰੰਜਨ ਸਿੰਘ ਅਤੇ ਭਾਈ ਅਮੋਲਕ ਸਿੰਘ ਦੇ ਮਾਤਾ ਜੀ ਗੁਰੂ-ਭਾਣੇ ਅਨੁਸਾਰ 10.10.93 ਨੂੰ ਗੁਰਪੁਰੀ ਸਿਧਾਰ ਗਏ ਹਨ। ਆਪ ਜੀ ਕੀਰਤਨ ਦੇ ਅਨਿੰਨ ਪ੍ਰੇਮੀ ਅਤੇ ਸੇਵਾ ਦੇ ਪੁੰਜ ਸਨ। ਸਤਿਗੁਰੂ ਜੀ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਜਲੰਧਰ ਵਿਖੇ ਸਲਾਨਾ ਨਿਰੰਕਾਰੀ ਅਖੰਡ ਕੀਰਤਨ

## ਦੁਆਬਾ ਖਾਲਸਾ ਸਕੂਲ ਵਿਖੇ ੨੭ ਨਵੰਬਰ ਤੋਂ ੩੦ ਨਵੰਬਰ ਮੰਗਲਵਾਰ ਸਵੇਰ ਤਕ

27 ਨਵੰਬਰ ਸਵੇਰੇ 3-30 ਤੋਂ 5-30 ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਦੁਆਬਾ ਖਾਲਸਾ ਮਾਡਲ ਸਕੂਲ
ਸ਼ਾਮ 5-30 ਤੋਂ 8-30 ਸੋਦਰ ਤੇ ਕੀਰਤਨ — ਗੁਰਦੁਆਰਾ ਸਾਹਿਬ ਪ੍ਰੀਤ ਨਗਰ, ਲਾਡੋਵਾਲੀ ਰੋਡ

28 ਨਵੰਬਰ ਸਵੇਰੇ 6-00 ਤੋਂ 12-00 ਆਸਾ ਦੀ ਵਾਰ ਤੇ ਅਖੰਡ ਕੀਰਤਨ " " "
ਸ਼ਾਮ 5-30 ਤੋਂ 8-30 ਸੋਦਰ ਤੇ ਕੀਰਤਨ — ਦੁਆਬਾ ਮਾਡਲ ਸਕੂਲ, ਲਾਡੋਵਾਲੀ ਰੋਡ

29 ਨਵੰਬਰ ਸਵੇਰੇ 5-30 ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ 1 ਵਜੇ ਤਕ ਕੀਰਤਨ, ਸ਼ਾਮ 4 ਵਜੇ ਅੰਮ੍ਰਿਤ ਸਿੰਚਾਰ ਅਤੇ ਸੋਦਰ ਦੀ ਚੌਕੀ ਉਪਰੰਤ ਰੈਣ ਸਬਾਈ ਕੀਰਤਨ ਅਰੰਭ।

30 ਨਵੰਬਰ ਸਵੇਰੇ 6 ਵਜੇ ਸਮਾਪਤੀ ਦੁਆਬਾ ਖਾਲਸਾ ਮਾਡਲ ਸਕੂਲ, ਲਾਡੋਵਾਲੀ ਰੋਡ ਵਿਖੇ।

ਰਿਹਾਇਸ਼ ਤੇ ਲੰਗਰ ਦੁਆਬਾ ਖਾਲਸਾ ਮਾਡਲ ਸਕੂਲ, ਨੇੜੇ ਬੱਸ ਸਟੈਂਡ, ਲਾਡੋਵਾਲੀ ਰੋਡ ਵਿਖੇ। ਬਿਸਤਰੇ ਲੋੜ ਅਨੁਸਾਰ ਜ਼ਰੂਰ ਲਿਆਓ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਜਲੰਧਰ

## ਮੋਗਾ ਵਿਖੇ ਸਾਲਾਨਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗਦੀ ਦਿਵਸ ਦੇ ਸੰਬੰਧ ਵਿਚ

18 ਨਵੰਬਰ ਸਵੇਰੇ ਕੀਰਤਨ ਉਪਰੰਤ 7 ਵਜੇ ਗੁ: ਬੀਬੀ ਕਾਹਨ ਕੌਰ ਵਿਖੇ ਸ੍ਰੀ ਅਖੰਡਪਾਠ ਅਰੰਭ, ਸ਼ਾਮ ਕੀਰਤਨ ਗੁ: ਗੁਰੂ ਨਾਨਕ ਦੇਵ ਜੀ, 19 ਨਵੰਬਰ ਸਵੇਰੇ ਕੀਰਤਨ ਗੁ: ਬਾਬਾ ਮੱਲ ਸਿੰਘ ਜੀ, ਸ਼ਾਮ ਗੁ: ਕਰਤਾਰ ਭਵਨ, 20 ਨਵੰਬਰ ਸਵੇਰੇ ਭੋਗ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਗੁ: ਬੀਬੀ ਕਾਹਨ ਕੌਰ ਵਿਖੇ। ਰਿਹਾਇਸ਼ ਤੇ ਲੰਗਰ ਗੁਰਦੁਆਰਾ ਬੀਬੀ ਕਾਹਨ ਕੌਰ, ਮੇਨ ਬਜ਼ਾਰ ਵਿਖੇ।

**ਦੋਰਾਹਾ ਮੰਡੀ, ਗੁ: ਕਲਗੀਧਰ ਸਾਹਿਬ, ਭੋਗ ਅਖੰਡਪਾਠ ਸਵੇਰੇ, ਰਾਤ ਰੈਣ ਸਬਾਈ** 6 **ਨਵੰਬਰ**
**ਵਿਕਾਸ ਨਗਰ ਨੇੜੇ ਪੁਰਾਣਾ ਗੁਰਦਵਾਰਾ,ਲਖਵਿੰਦਰਸਿੰਘ,ਛੇਹਰਟਾ ਰੋਡ, ਭੋਗ ਪਾਠ ਤੇ ਕੀਰਤਨ**13-11
**ਭੀਲੋਵਾਲ ਖੇਤਾਂ ਚਿ ਨੇੜੇ ਸਾਧੂਪੁਰ ਬੱਸ ਅੱਡਾ, ਜੋਗਿੰਦਰ ਸਿੰਘ, ਭੋਗ ਦੂਜਾ ਅਖੰਡਪਾਠ,** 14 **ਨਵੰਬਰ**
**ਰੋਪੜ,** 402, **ਜ਼ੈਲ ਸਿੰਘ ਨਗਰ, ਭੋਗ ਸ੍ਰੀ ਅਖੰਡਪਾਠ, ਕੀਰਤਨ ਤੇ ਰੈਣ ਸਬਾਈ** 20 **ਨਵੰਬਰ**
**ਛੋਟੇ ਘੁਮਣ, ਭੋਗ ਸ੍ਰੀ ਅਖੰਡਪਾਠ ਤੇ ਕੀਰਤਨ ਰੈਣ ਸਬਾਈ** 20 **ਨਵੰਬਰ**
**ਬਾਗੜੀਆਂ (ਤਰਨ ਤਾਰਨ) ਭਾ: ਸਮੁੰਦ ਸਿੰਘ, ਭੋਗ ਅਖੰਡਪਾਠ, ਕੀਰਤਨ ਤੇ ਅਨੰਦ ਕਾਰਜ** 28 **ਨਵੰ:**
**ਬੰਗਾ, ਗੁਰਦਵਾਰਾ ਪਾ:** 6, **ਰੈਣ ਸਬਾਈ ਕੀਰਤਨ** 4 **ਦਸੰਬਰ**
**ਮੂਲੀਆਂਵਾਲ (ਧਾਰੀਵਾਲ), ਰੈਣ ਸਬਾਈ ਕੀਰਤਨ** 4 **ਦਸੰਬਰ**
**ਕਾਨਪੁਰ, ਸ਼ਹੀਦ ਗੁਰਚਰਨਜੀਤ ਸਿੰਘ,**201-**ਸ਼ੰਕਰ ਨਗਰ, ਸਵੇਰੇ ਭੋਗ ਅਖੰਡਪਾਠ ਤੇ ਕੀਰਤਨ**12**ਦਸੰ:**
**ਚੰਡੀਗੜ੍ਹ,** 1470 **ਸੈਕਟਰ** 43 **ਬੀ, ਸ: ਉਜਲ ਸਿੰਘ, ਹਰ ਬੁਧਵਾਰ ਸ਼ਾਮ** 7 **ਤੋਂ** 8 **ਕੀਰਤਨ**

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ :

**ਸੂਰਾ ਮੰਥਲੀ, ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**—143006

www.AKJ.Org